ਇਸ ਸੰਸਾਰ ਵਿੱਚ ਕਿਨੇ ਹੀ ਪ੍ਰਾਣੀ ਅਪਣੇ ਪਿਛਲੇ ਕਰਮਾਂ ਤੋਂ ਪ੍ਰੇਰਿਤ ਹੋਕੇ ਉਦਕਯੋਨੀਕ ਉਦਕ ਵਿੱਚ ਆਉਂਦੇ ਹਨ। ਉਥੇ ਉਹ ਜੀਵ ਉਦਕਯੋਨੀਕ ਉਦਕ ਵਿੱਚ ਤਰੱਸ ਰੂਪ ਵਿੱਚ ਜਨਮ ਲੈਂਦੇ ਹਨ। ਉਹ ਜੀਵ ਉਨ੍ਹਾਂ ਉਦਕਯੋਨੀ ਵਾਲੇ ਜੀਵਾ ਦੇ ਸਨੇਹ ਦਾ ਭੋਜਨ ਕਰਦੇ ਹਨ। ਉਹ ਪ੍ਰਾਣੀ ਪ੍ਰਿਥਵੀ ਕਾਇਆ ਆਦਿ ਸ਼ਰੀਰਾਂ ਦਾ ਭੋਜਨ ਕਰਦੇ ਹਨ ਉਨ੍ਹਾਂ ਉਦਕਯੋਨੀਕ ਤਰੱਸ ਪ੍ਰਾਣੀਆਂ ਦੇ ਦੂਸਰੇ ਵੀ ਅਨੇਕਾਂ ਪ੍ਰਕਾਰ ਦੇ ਵਰਨ, ਗੰਧ, ਰਸ ਤੇ ਸਪਰਸ਼ ਅਕਾਰ ਪ੍ਰਕਾਰ ਤੇ ਸ਼ਰੀਰ ਦੱਸੇ ਗਏ ਹਨ। 59

ਇਸ ਤੋਂ ਬਾਅਦ ਤੀਰਥੰਕਰਾ ਨੇ ਹੋਰ ਗੱਲਾ ਦਸੀਆ ਸਨ। ਇਸ ਸੰਸਾਰ ਵਿੱਚ ਕਿਨੇ ਹੀ ਜੀਵ ਪੂਰਵ ਜਨਮ ਵਿੱਚ ਭਿੰਨ ਭਿੰਨ ਯੋਨੀਆਂ ਵਿੱਚ ਪੈਦਾ ਹੋ ਕੇ. ਉਥੇ, ਕੀਤੇ ਕਰਮਾ ਦੇ ਫਲ ਸਦਕਾ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਚਿਤ ਤੇ ਅਚਿਤ ਸ਼ਰੀਰ ਵਿੱਚ ਅਗਨੀ ਕਾਇਆ ਦੇ ਰੂਪ ਵਿੱਚ ਪੈਦਾ ਹੁੰਦੇ ਹਨ। ਉਹ ਜੀਵ ਭਿੰਨ-ਭਿੰਨ ਪ੍ਰਕਾਰ ਦੇ ਤਰੱਸ ਤੇ ਸਥਾਵਰ ਪ੍ਰਾਣੀਆਂ ਦੇ ਸਨੇਹ ਦਾ ਭੋਜਨ ਕਰਦੇ ਹਨ। ਉਹ ਜੀਵ ਪ੍ਰਿਥਵੀ ਕਾਈਆ ਆਦਿ ਦਾ ਭੋਜਨ ਵੀ ਕਰਦੇ ਹਨ। ਉਨ੍ਹਾਂ ਤਰੱਸ-ਸਥਾਵਰ ਅਗਨੀ ਕਾਇਆ ਦੇ ਦੂਸਰੇ ਹੋਰ ਸਰੀਰ ਵੀ ਅ ਖੇ ਗਏ ਹਨ ਜੋ ਭਿੰਨ ਭਿੰਨ ਵਰਨ ਗੰਧ ਵਾਲੇ ਹੁੰਦੇ ਹਨ। ਬਾਕੀ ਤਿੰਨ ਬੋਲ ਉਦਕ ਦੀ ਤਰ੍ਹਾ ਸਮਝ ਲੈਣੇ ਚਾਹੀਦੇ ਹਨ।

ਇਸ ਤੋਂ ਬਾਅਦ ਤੀਰਥੰਕਰਾ ਨੇ ਦੂਸਰੀ ਗੱਲ ਫਰਮਾਈ ਹੈ। ਇਸ ਜਗਤ ਵਿੱਚ ਕਿੰਨੇ ਹੀ ਜੀਵ ਪਿਛਲੇ ਜਨਮ ਵਿੱਚ ਭਿੰਨ ਭਿੰਨ ਯੋਨੀਆਂ ਵਿੱਚ ਪੈਦਾ ਹੋ ਕੇ, ਉਥੇ ਕੀਤੇ ਕਰਮਾ ਦੇ ਅਸਰ ਕਾਰਨ, ਤਰੱਸ ਤੇ ਸਥਾਵਰ ਯੋਨੀਆਂ ਵਿੱਚ ਸਚਿਤ ਤੇ ਅਚਿਤ ਸ਼ਰੀਰ ਵਿੱਚ ਵਾਯੂਕਾਇਆ ਦੇ ਰੂਪ ਵਿੱਚ ਜਨਮ ਲੈਂਦੇ ਹਨ। ਬਾਕੀ ਚਾਰ ਅਲਾਪਕ ਅਗਨੀ ਕਾਈਆ ਦੀ ਤਰਾਂ ਸਮਝਨੇ ਚਾਹੀਦੇ ਹਨ। 60

ਇਸ ਤੋਂ ਬਾਅਦ ਤੀਰਥੰਕਰ ਭਗਵਾਨ ਨੇ ਦੂਸਰੀ ਗੱਲ ਫਰਮਾਈ ਸੀ। ਇਸ ਸੰਸਾਰ ਵਿੱਚ ਕਿੰਨੇ ਜੀਵ ਅਨੇਕਾ ਪ੍ਰਕਾਰ ਦੀ ਯੋਨੀਆਂ ਵਿੱਚ ਪੈਦਾ ਹੋ ਕੇ ਅਪਣੇ ਪਿਛਲੇ ਕੀਤੇ ਕਰਮ ਪ੍ਰਭਾਵ ਕਾਰਣ ਪ੍ਰਿਥਵੀ ਕਾਈਆ ਵਿੱਚ ਆ ਕੇ ਤਰੱਸ ਤੇ ਸਥਾਵਰ ਪ੍ਰਾਣੀਆਂ ਤੇ ਸਚਿਤ ਤੇ ਅਚਿਤ ਸ਼ਰੀਰ ਵਿੱਚ ਪ੍ਰਿਥਵੀ, ਸਰਕਰਾ (ਸ਼ੁਕਰਾ ਦੀ ਤਰ੍ਹਾਂ) ਤੇ ਬਾਲੂ (ਰੇਤ) ਦੇ ਰੂਪ ਵਿੱਚ ਪੈਦਾ ਹੁੰਦੇ ਹਨ। ਇਸ ਸੰਭਧੀ ਇਨ੍ਹਾਂ ਗਾਥਾਂ ਰਾਂਹੀ ਭੇਦ ਸਮਝਨਾਚਾਹੀਦਾ ਹੈ।

ਪ੍ਰਿਥਵੀ, ਸ਼ਰਕਰਾ, (ਕੰਕਰ) ਬਾਲੂਕਾ (ਰੇਤ) ਪੱਥਰ, ਸਿਲ ਨਮਕ, ਲੋਹਾ, ਤਾਂਬਾ, ਚਾਂਦੀ, ਸੋਨਾ, ਹੀਰਾ, ਹੀਰਾ, ਹੜਤਾਲ, ਹਿੰਗਲੂ, ਮਨਸਿਲ ਸਾਸਕ, ਅੰਜਨ ਪ੍ਰਵਾਲ, (ਮੂੰਗਾ) ਅਭਰਕ, ਅਭਰਬਾਲੁਕਾ ਇਹ ਸਭ ਪ੍ਰਿਥਵੀ ਕਾਈਆਂ ਦੇ ਭੇਦ ਦੱਸੇ ਗਏ ਹਨ। ਗੋਮੇਧ, ਰੁਚਕ, ਅੰਕ, ਸੁਫਟਿਕ, ਲੋਹਿਤਾਕਸ਼, (ਰਤਨ) ਮਰਕਤ, ਮਸਾਨ

ਗਲ, ਭੁਜ ਪਰਿਮੋਚਕ, ਇੰਦਰਨੀਲ, ਮਨੀ, ਚੰਦਨ, ਗੇਰੁਕ, ਹੰਸ ਗਰਭ, ਪੁਲਕ, ਸੋਗਧਿੰਕ, ਚੰਦਰਪ੍ਰਭ, ਬੇਡੂਰਿਆ, ਜਲਕਾਂਤ, ਸੂਰਿਆ ਕਾਂਡ, ਇਹ ਸਭ ਮਣੀਆ ਦੇ ਭੇਦ ਹਨ।

ਉਪਰੋਕਤ ਗਾਥਾਵਾਂ ਵਿਚ ਆਖੇ ਜੋ ਮਨੀ ਰਤਨ ਹਨ ਉਹ ਪ੍ਰਿਥਵੀ ਤੋਂ ਲੈਕੇ ਸੂਰਿਆਕਾਤ ਯੋਨੀ ਵਿਚ ਜੀਵ ਹੁੰਦੇ ਹਨ। ਉਹ ਜੀਵ ਅਨੇਕਾਂ ਪ੍ਰਕਾਰ ਦੇ ਤਰੱਸ ਤੇ ਸਥਾਵਰ ਜੀਵਾ ਦੇ ਸਨੇਹ (ਰਸ) ਦਾ ਭੋਜਨ ਗ੍ਰਹਿਣ ਕਰਦੇ ਹਨ। ਇਹ ਜੀਵ ਪ੍ਰਿਥਵੀ ਆਦਿ ਸ਼ਰੀਰ ਦਾ ਵੀ ਭੋਜਨ ਕਰਦੇ ਹਨ। ਉਨ੍ਹਾਂ ਤਰੱਸ ਸਥਾਵਰਾਂ ਤੋਂ ਉਤਪਨ ਪ੍ਰਿਥਵੀ ਤੋਂ ਲੈਕੇ ਸੁਰਿਆਕਾਂਤ ਮਣੀ ਜੀਵ ਭਿੰਨ ਭਿੰਨ ਰੰਗ, ਗੰਧ, ਰਸ, ਸਪਰਸ਼, ਆਕਾਰ, ਪ੍ਰਕਾਰ ਦੇ ਸ਼ਰੀਰ ਵਾਲੇ ਆਖੇ ਗਏ ਹਨ। ਬਾਕੀ ਦੇ ਤਿੰਨ ਆਲਾਪਕ ਜਲ ਦੀ ਤਰ੍ਹਾਂ ਸਮਝ ਲੈਣੇ ਚਾਹਿਦੇ ਹਨ। 61

ਇਸ ਤੋਂ ਬਾਅਦ ਤੀਰਥੰਕਰਾ ਨੇ ਜੀਵਾਂ ਦੇ ਭੋਜਨ ਸਬੰਧੀ ਹੋਰ ਗੱਲਾਂ ਆਖੀਆਂ ਸੀ। "ਸਾਰੇ ਪ੍ਰਾਣੀ, ਸਾਰੇ ਭੂਤ, ਸਾਰੇ ਜੀਵ, ਸਾਰੇ ਸਤੱਵ ਭਿਨ ਭਿੰਨ ਯੋਨੀਆਂ ਵਿਚ ਉਤਪਨ ਹੁੰਦੇ ਹਨ ਉਥੇ ਸਥਿਤ ਰਹਿੰਦੇ ਹਨ ਵਾਧਾ ਪਾਂਦੇ ਹਨ। ਉਹ ਸ਼ਰੀਰ ਰਾਹੀਂ ਉਤਪਨ ਹੁੰਦੇ ਹਨ। ਸ਼ਰੀਰ ਵਿਚ ਹੀ ਵਧਦੇ ਫੁਲਦੇ ਹਨ ਸ਼ਰੀਰ ਰਾਹੀਂ ਭੋਜਨ ਗ੍ਰਹਿਣ ਕਰਦੇ ਹਨ। ਅਪਣੇ ਅਪਣੇ ਕੀਤੇ ਕਰਮਾ ਦੇ ਅਪਰ ਨਾਲ ਚਲਦੇ ਹਨ ਕਰਮ ਹੀ ਯੋਨੀ ਦੀ ਉਤਪੱਤੀ ਦਾ ਕਾਰਣ ਹੈ। ਗਤਿ ਤੇ ਸਥਿਤੀ ਕਰਮ ਅਨੁਸਾਰ ਹੈ। ਉਹ ਕਰਮ ਦੇ ਹੀ ਪ੍ਰਭਾਵ ਨਾਲ ਭਿੰਨ ਭਿੰਨ ਅਵਸਥਾਵਾਂ ਵੱਸ ਦੁੱਖ ਦੇ ਭਾਗੀ ਹੁੰਦੇ ਹਨ "ਹੇ ਚੇਲਿਓ ਇਸੇ ਤਰ੍ਹਾਂ ਹੀ ਸਮਝੋ। ਇਸ ਤਰ੍ਹਾਂ ਜਾਨਕੇ ਹਮੇਸ਼ਾ ਅਹਾਰ ਗੁਪਤ, ਗਿਆਨ, ਦਰਸ਼ਨ ਚਾਰਿਤਰ ਸਹਿਤ, ਸਮਿਤਿ ਸੰਜਮ ਪਾਲਨ ਵਿਚ ਲਗੇ ਰਹੋ। ਅਜੇਹਾ ਮੈਂ ਆਖਦਾ ਹਾਂ।"

★



# ਚੋਥਾ ਅਧਿਐਨ-ਪ੍ਰਤਿਖਿਆਨ ਕ੍ਰਿਆ

ਪ੍ਰਤਿਖਿਆਨ ਜਾਂ ਪਚਖਾਨ ਦਾ ਅਰਥ ਹੈ ਅਹਿੰਸਾ, ਸੱਚ, ਚੋਰੀ ਦਾ ਤਿਆਗ, ਬ੍ਰਹਮ-ਚਰਜ ਅਪਰਿਗ੍ਰਹਿ ਆਦਿ ਮੂਲ (ਨਾਂ ਬਦਲਣ ਵਾਲੇ ਸ਼ਾਸਵਤ) ਗੁਣ ਅਤੇ ਸਮਾਇਕ ਆਦਿ ਉੱਤਰ ਗੁਣਾ ਦੇ ਪਾਲਨ ਵਿਚ ਰੁਕਾਵਟ ਕਾਰਣਾ ਦਾ ਸ਼ਕਤੀ ਅਨੁਸਾਰ ਤਿਆਗ ਕਰਨਾ।"

ਪੱਛਖਾਨ ਆਤਮ ਸ਼ੁਧੀ ਦਾ ਪ੍ਰਮੁੱਖ ਕਾਰਣ ਹੈ। ਇਸ ਤੋਂ ਉਲਟ ਅਪਛਖਾਨ ਸਾਵਦਯ (ਪਾਪਕਾਰੀ) ਰੂਪ ਹੋਣ ਕਾਰਣ ਤਿਆਗ ਯੋਗ ਹੈ। ਪੱਛਖਾਨ ਨਾ ਕਰਨ ਵਾਲੇ ਨੂੰ ਤੀਰਥੰਕਰ ਪ੍ਰਭੂ ਨੇ ਅਸੰਜਤ, ਅਵਿਰਤ (ਵਰਤਮਾਨ ਕਾਲ ਵਿਚ ਪਾਪੀ ਕੰਮ ਵਿਚ ਲੱਗਾ ਹੋਇਆ) (ਪਾਪ ਵਿਚ ਲੱਗਾ ਹੋਇਆ) ਬਾਲ, ਅੰਸਵਰਿਤ (ਕਰਮਾਂ ਦੇ ਵਹਾ ਨੂੰ ਨਾ ਕਰਨ ਵਾਲਾ) ਅਗਿਆਨੀ, ਸੌਇਆ ਹੋਇਆ ਅਤੇ ਪਾਪੀ ਫੁਰਮਾਇਆ ਹੈ।

ਇਸ ਅਧਿਐਨ ਦਾ ਸਾਰ ਇਹ ਹੈ ਕਿ ਛੇ ਜੋ ਆਤਮਾ ਕਾਈਆ ਦੇ ਜੀਵਾ ਦੀ ਹਤਿਆ ਦੇ ਤਿਆਗ ਵਾਲਾ ਨਹੀਂ ਹੈ ਅਤੇ ਜਿਸ ਨੇ ਉਨ੍ਹਾਂ ਜੀਵਾਂ ਦੀ ਹਤਿਆ ਨੂੰ ਕਿਸੇ ਵੀ ਸਮੇਂ ਮਾਰਨ ਦੀ ਛੁਟ ਲੈ ਲਈ ਹੈ ਉਹ ਆਤਮਾ ਉਨ੍ਹਾਂ 6 ਕਾਈਆ ਜੀਵਾ ਨਾਲ ਮਿੱਤਰਤਾ ਰਖਨ ਲਈ ਵੀ ਮਜਬੂਰ ਨਹੀਂ ਹੈ।ਅਜੇਹਾ ਪ੍ਰਾਣੀ ਕਿਸੇ ਵੀ ਜੀਵ ਦੀ, ਕਿਸੇ ਸਮੇਂ ਹਤਿਆ ਕਰ ਸਕਦਾ ਹੈ। ਅਜੇਹਾ ਜੀਵ ਪਾਪ ਕਰਮ ਬੰਧਨ ਕਦੇ ਵੀ ਕਰ ਸਕਦਾ ਹੈ। ਕਿਉਂਕਿ ਉਸ ਨੇ ਕਾਈਆ ਦੇ ਜੀਵਾ ਨੂੰ ਮਾਰਨ ਦਾ ਤਿਆਗ ਨਹੀਂ ਕੀਤਾ?

ਇਸ ਸੰਬੰਧੀ ਸ਼ਾਸਤਰਕਾਰ ਨੇ ਇਕ ਉਦਾਹਰਨ ਪੇਸ਼ ਕੀਤੀ ਹੈ "ਇਕ ਮਨੁੱਖ ਹਤਿਆਰਾ ਹੈ। ਉਸ ਨੇ ਸੋਚਿਆ ਕਿ "ਮੈਂ ਫਲਾਨੇ ਗ੍ਰਹਿਸਥੀ ਜਾਂ ਗ੍ਰਹਿਸਥੀ ਪੁਤਰ ਜਾਂ ਰਾਜਪੁਰਸ਼ ਦੀ ਹਤਿਆ ਕਰਨੀ ਹੈ? ਅਜੇ ਥੋੜੀ ਦੇਰ ਸੋ ਜਾਵਾਂ, ਬਾਅਦ ਵਿਚ ਘਰ ਵਿਚ ਘੁਸ ਕੇ, ਮੌਕਾ ਪਾ ਕੇ ਉਸ ਵਿਅਕਤੀ ਨੂੰ ਮਾਰਾਗਾਂ।" ਅਜੇਹਾ ਸੋਚਨ ਵਾਲਾ ਆਦਮੀ ਚਾਹੇ ਸੋਵੇ, ਚਾਹੇ ਜਾਗੇ, ਚਾਹੇ ਚਲੇ, ਚਾਹੇ ਬੈਠੇ ਉਸ ਦਾ ਮਨ ਲਗਾਤਾਰ ਹੱਤਿਆ ਦੀ ਭੈੜੀ ਭਾਵਨਾ ਵਲ ਲਗਿਆ ਰਹੇਗਾ। ਉਹ ਕਦੇ ਵੀ ਮਾੜਾ ਕੰਮ ਕਰ ਸਕਦਾ ਹੈ। ਆਪਣੀ ਦੁਸ਼ਟ ਮਨ ਵਿਰਤੀ ਕਾਰਣ ਉਹ ਹਰ ਪਲ, ਕਰਮ ਬੰਧ ਕਰਦਾ ਰਹਿੰਦਾ ਹੈ ਅਜੇਹਾ ਜੀਵ

ਪਛਖਾਨ ਰਹਿਤ ਹੈ। ਸੱਜਮਹੀਨ ਹੈ। ਹਿੰਸਾ ਦੀ ਭਾਵਨਾ ਕਾਰਣ ਉਹ ਕਰਮ ਬੰਧ ਕਰਦਾ ਹੈ।

ਸੰਜਮੀ ਸਾਧਕ ਲਈ ਪਾਪ ਕਾਰੀ (ਸਾਵਦਯ) ਕ੍ਰਿਆਵਾ ਦਾ ਪੱਛਖਾਨ ਜ਼ਰੂਰੀ ਹੈ। ਜਿੰਨੇ ਅੰਸ਼ ਵਿਚ ਉਹ ਪਾਪਕਾਰੀ ਵਿਰਤੀ ਦਾ ਤਿਆਗ ਕਰਦਾ ਹੈ ਉਨੇ ਅੰਸ਼ ਉਸ ਦਾ ਪਾਪ ਕਰਮ ਬੰਧ ਰੁਕਦਾ ਹੈ। ਇਹੋ ਪੱਛਖ਼ਾਨ ਦੀ ਉਪਯੋਗਿਤਾ ਹੈ। ਇਸ ਪਾਪਕਾਰੀ ਵਿਰਤੀ ਦੀ ਸੰਭਾਵਨਾ ਨੂੰ ਘੱਟ ਜਾਂ ਮਰਿਆਦਾ ਵਿਚ ਰਖਨ ਲਈ ਪੱਛਖਾਨ (ਨਿਯਮ) ਬਹੁਤ ਜ਼ਰੂਰੀ ਹੈ।

ਇਹ ਅਧਿਐਨ ਅਚਾਰਿਆ ਤੇ ਉਸ ਦੇ ਚੇਲੇ ਦੀ ਆਪਸੀ ਵਾਰਤਾਲਾਪ ਰੂਪ ਵਿਚ ਮਿਲਦਾ ਹੈ।

# ਚੋਥਾ ਪ੍ਰਤਿਖਿਆਨ ਕ੍ਰਿਆ ਅਧਿਐਨ

(ਸ੍ਰੀ ਸੁਧਰਮਾ ਸਵਾਮੀ ਸ਼ਿਸ ਜੰਬੂ ਸੁਵਾਮੀ ਜੀ ਨੂੰ ਆਖਦੇ ਹਨ) ਹੇ ਆਯੁਸ਼ਮਾਨ ! ਭਗਵਾਨ ਮਹਾਵੀਰ ਨੇ ਅਜਿਹਾ ਕਿਹਾ ਸੀ ਮੈਂ ਉਨ੍ਹਾਂ ਤੋਂ ਜਿਸ ਤਰ੍ਹਾਂ ਸੁਣਿਆ ਸੀ, ਆਪ ਨੂੰ ਆਖਦਾ ਹਾਂ, ਇਸ ਨਿਰਗ੍ਰੰਥ ਪ੍ਰਵਚਨ ਪ੍ਰਤਿਖਿਆਨ ਕ੍ਰਿਆ ਨਾਉ ਦਾ ਅਧਿਐਨ ਹੈ। ਉਸ ਦਾ ਅਰਥ ਇਸ ਪ੍ਰਕਾਰ ਹੈ।

ਆਤਮਾ ਭਾਵ ਸ਼ਰੀਰ ਧਾਰੀ ਜੀਵ ਆਤਮਾ ਅਪ੍ਰਤਿਖਿਆਨ ਸਾਵਦਯਕਰਮ (ਹਮੇਸ਼ਾ ਪਾਪ ਕਰਮ ਵਿਚ ਲੱਗਾ ਹੋਇਆ) ਦਾ ਤਿਆਗ ਨਾ ਕਰਨ ਵਾਲਾ ਹੁੰਦਾ ਹੈ ਆਤਮ ਅਕ੍ਰਿਆ (ਸ਼ੁਭਕ੍ਰਿਆ ਨਾ ਕਰਨ) ਵਿਚ ਵੀ ਮਾਹਰ ਹੁੰਦਾ ਹੈ ਆਤਮਾ ਮਿਥਿਆਤਵ ਦੇ ਪ੍ਰਗਟ (ਉਦੇ) ਵਿਚ ਹੀ ਸਥਿਤ ਰਹਿੰਦਾ ਹੈ, ਆਤਮਾ ਏਕਾਂਤ ਰੂਪ (ਇਕ ਤਰ੍ਹ ਨਾਲ) ਵਿਚ ਦੂਸਰੇ ਪ੍ਰਾਣੀਆਂ ਨੂੰ ਦੰਡ ਦੇਨ ਵਾਲਾ ਹੁੰਦਾ ਹੈ, ਆਤਮਾ ਏਕਾਂਤ ਹੀ ਬਾਲ ਭਾਵ ਅਗਿਆਨੀ ਹੁੰਦਾ ਹੈ, ਆਤਮਾ ਏਕਾਂਤ ਰੂਪ ਵਿਚ ਹੀ ਸੁੱਤਾ ਰਹਿੰਦਾ ਹੈ ਆਤਮਾ ਮਨ, ਵਚਨ, ਕਾਇਆ ਤੇ ਸ਼ਰੀਰ ਦਾ ਵਿਚਾਰ ਨਾ ਕਰਨ ਵਾਲਾ ਹੁੰਦਾ ਹੈ। ਆਤਮਾਂ ਪਾਪ ਕਰਮਾ ਦਾ ਘਾਤ ਤੇ ਪ੍ਰਤਿਖਿਆਨ-ਤਿਆਗ ਨਹੀਂ ਕਰਦਾ। ਇਸ ਜੀਵ ਨੂੰ ਭਗਵਾਨ ਨੇ ਅਸੰਯਤ (ਸੰਜਮ ਬਹਿਤ) ਅਵਿਰਤ (ਵਿਰਤੀ) ਰਹਿਤ ਪਾਪ ਕਰਮ ਦਾ ਕਰਨ ਵਾਲਾ ਅਤੇ ਅਤੇ ਪ੍ਰਤਿਖਿਆਨ ਨਾ ਕਰਨ ਵਾਲਾ, ਕ੍ਰਿਆ ਰਹਿਤ, ਸੰਵਰਰਹਿਤ, ਪ੍ਰਾਣੀਆਂ ਨੂੰ ਏਕਾਂਤ ਦੰਡ ਦੇਣ ਵਾਲਾ, ਏਕਾਂਤ ਬਾਲ ਤੇ ਸੌਂਦਿਆ ਹੋਇਆ ਫੁਰਮਾਇਆ ਹੈ। ਉਹ ਅਗਿਆਨੀ, ਜੋ ਮਨ ਬਚਨ, ਕਾਈਆ ਤੇ ਵਾਕ ਦੇ ਵਿਚਾਰ ਤੋਂ ਰਹਿਤ ਹੋਵੇ, ਭਾਵੇ ਉਹ ਸੁਪਨੇ ਵੀ ਨਾ ਵੇਖੇ। (ਭਾਵ ਸ਼ੁਧ ਗਿਆਨ ਵਾਲਾ ਹੋਵੇ) ਤਾਂ ਵੀ ਉਹ ਪਾਪ ਕਰਮ ਕਰਦਾ ਹੈ। 63।

---

63 ਇਥੇ ਜੀਵ ਲਈ ਆਤਮਾ ਸ਼ਬਦ ਪ੍ਰਯੋਗ ਕੀਤਾ ਗਿਆ ਹੈ ਜਿਸ ਦਾ ਭਾਵ ਹੈ ਆਤਮਾ ਭਿੰਨ ਭਿੰਨ ਯੋਨੀਆਂ ਵਿਚ ਭਟਕਦਾ ਹੈ ਜਨਮਦਾ ਹੈ ਮਰਦਾ ਹੈ, ਜੋ ਭਿੰਨ ਭਿੰਨ ਗਤੀਆਂ ਵਿਚ ਲਗਾਤਾਰ ਘੁਮਦਾ ਹੈ ਉਹ ਆਤਮਾ ਹੈ। ਅਨਾਦਿ ਕਾਲ ਤੋਂ ਜੀਵ ਮਿਥਿਆਤਵ, ਅਵਿਰਤ, ਪ੍ਰਮਾਦ, ਕਸ਼ਾਏ ਅਤੇ ਯੋਗ (ਮਨ-ਬਚਨ-ਕਾਇਆ ਦਾ ਮੇਲ) ਕਾਰਣ ਅਪ੍ਰਤਿਖਿਆਨ ਵਿਚ ਫਸਿਆ ਹੋਇਆ ਹੈ।

ਪੁਰਵ ਕੀਤੇ ਦੋਸ਼ਾਂ ਦੀ ਨਿੰਦਾ, ਪਛਤਾਵਾਂ ਅਤੇ ਗਰਹਾ ਕਰਨਾ ਅਤੇ ਭਵਿੱਖ ਵਿਚ ਪਹਿਲੇ ਪਾਪ ਕਰਮ ਨਾ ਕਰਨ ਦਾ ਸਕੰਲਮ ਹੀ ਪ੍ਰਤਿਖਿਆਨ ਹੈ।

ਜੀਵ ਲਈ ਜ਼ਰੂਰੀ ਹੈ ਕਿ ਉਹ ਸੁਪਨੇ ਵਿਚ ਵੀ ਪਾਪ ਨਾਂ ਕਰੇ।

ਅਸੰਯਤ—ਜੋ ਵਰਤਮਾਨ ਕਾਲ ਦੇ ਪਾਪ (ਸਾਵਦਯ) ਕੰਮ ਵਿਚ ਲਗਾ ਹੋਵੇ।

ਅਵਿਰਤ—ਭੂਤ ਤੇ ਭਵਿੱਖ ਸੰਬੰਧੀ ਪਾਪ ਤੋਂ ਛੁਟਕਾਰਾ ਨਾ ਪਾਉਣਾ।

ਅਪ੍ਰਤਿਖਿਆਤ ਪਾਪ ਕਰਤਾ—ਜੋ ਲਗਾਤਾਰ ਪਾਪ ਕ੍ਰਿਆ ਕਰਦਾ ਹੋਵੇ।

ਅਸੰਵਿੰਰਤ—ਜੋ ਆਉਣ ਵਾਲੇ ਕਰਮਾਂ ਨੂੰ ਰੋਕਨ ਵਿਚ ਅਸਮਰਥ ਹੈ।

ਇਸ ਸੰਬੰਧੀ ਪ੍ਰਸ਼ਨ ਕਰਨ ਵਾਲੇ ਨੇ ਉਪਦੇਸ਼ਕ ਨੂੰ ਇਸ ਪ੍ਰਕਾਰ ਆਖਿਆ ਹੈ : "ਪਾਪੀ ਮਨ ਵਾਲੇ, ਪਾਪੀ ਬਚਨ ਵਾਲਾ, ਪਾਪੀ ਸ਼ਰੀਰ ਵਾਲਾ ਨਾ ਹੋਣ ਤੇ ਜੋ ਪ੍ਰਾਣੀ ਹਿੰਸਾ ਨਹੀਂ ਕਰਦਾ, ਜਿਸ ਦਾ ਮਨ, ਬਚਨ, ਸ਼ਰੀਰ ਤੇ ਵਾਕ ਹਿੰਸਾ ਤੋਂ ਰਹਿਤ ਹਨ, ਜੋ ਪਾਪ ਕਰਨ ਦਾ ਸੁਪਨਾ ਵੀ ਨਹੀਂ ਲੈ ਸਕਦਾ, ਜਿਸ ਵਿਚ ਗਿਆਨ ਦੀ ਥੋੜੀ ਜੇਹੀ ਮਾਤਰ ਹੀ ਹੈ । ਪ੍ਰਾਣੀ ਪਾਪ ਕਰਮ ਦਾ ਬੰਧ (ਸੰਗ੍ਰਹਿ) ਨਹੀਂ ਕਰਦਾ ।

"ਕਿਸ ਕਾਰਣ ਨਾਲ ਉਸ ਨੂੰ ਪਾਪ ਕਰਮ ਦਾ ਬੰਧ ਹੁੰਦਾ ਹੈ ? ਪ੍ਰਸ਼ਨ ਕਰਤਾ ਦੇ ਉਤਰ ਵਿਚ ਗਿਆਨੀ ਫੁਰਮਾਂਦੇ ਹਨ" ਪਾਪੀ ਮਨ ਹੋਣ ਕਾਰਣ ਮਾਨਸਿਕ ਪਾਪ ਕਰਮ ਹੋ ਜਾਂਦਾ ਹੈ ਪਾਪੀ ਵਚਨ ਨਾਲ ਹੀ ਪਾਪ ਕਰਮ ਹੁੰਦਾ ਹੈ ਪਾਪੀ ਸ਼ਰੀਰ ਨਾਲ ਵੀ ਪਾਪ ਕਰਮ ਹੁੰਦਾ ਹੈ । ਜੋ ਪ੍ਰਾਣੀ ਹਿੰਸਾ ਕਰਦਾ ਹੈ, ਹਿੰਸਕ ਧੰਦਾ ਕਰਦਾ ਹੈ, ਜੋ ਜਾਨ ਬੁਝ ਕੇ, ਮਨ, ਵਚਨ, ਕਾਇਆ ਤੇ ਵਾਕ ਦਾ ਪ੍ਰਯੋਗ ਕਰਦਾ ਹੈ ਜੋ ਸਾਫ ਸੁਪਨੇ ਵੇਖਣ ਵਾਲ ਵਿਗਿ-ਆਨੀ ਹੈ ਅਜੇਹੇ ਗੁਣਾ ਵਾਲਾ ਹੀ ਪਾਪ ਕਰਮ ਕਰਦਾ ਹੈ ।

ਪ੍ਰਸ਼ਨ ਕਰਤਾ ਫੇਰ ਪੁਛਦਾ ਹੈ ਇਸ ਸੰਬੰਧੀ ਜੋ ਲੋਕ ਇਸ ਤਰ੍ਹਾਂ ਆਖਦੇ ਹਨ । ਕਿ ਮਨ ਪਾਪੀ, ਬਚਨ ਪਾਪੀ, ਸ਼ਰੀਰ ਪਾਪੀ ਹੋਵੇ ਅਤੇ ਪਾਪੀ ਮਨ ਬਚਨ, ਕਾਇਆ ਤੇ ਵਾਕ ਦੇ ਵਿਚਾਰ ਤੋਂ ਰਹਿਤ ਹੋਵੇ, ਪਰ ਸੁਪਨੇ ਵਿਚ ਵੀ ਪਾਪ ਨਾ ਕਰਦਾ ਹੋਵੇ ਭਾਵ ਅਵਿਅੱਕਤ ਵਿਗਿਆਨ ਵਾਲਾ ਪਾਪ ਕਰਮ ਕਰਦਾ ਹੈ । ਇਸ ਸੰਭਧੀ ਜੋ ਲੋਕ ਆਖਦੇ ਹਨ ਇਹ ਮਿਥਿਆ ਹੈ ?

ਇਸ ਸੰਬੰਧੀ ਉਤਰ ਦਾਤਾ ਆਖਦਾ ਹੈ" ਇਹੋ ਠੀਕ ਹੈ ਜੋ ਮੈਂ ਪਹਿਲਾ ਆਖਿਆ ਸੀ । ਚਾਹੇ ਪਾਪੀ ਮਨ, ਪਾਪੀ ਵਚਨ, ਸ਼ਰੀਰ ਨਾ ਹੋਵੇ, ਤਾਂ ਵੀ ਕੋਈ ਪ੍ਰਾਣੀ ਹਿੰਸਾ ਨਾ ਕਰਦਾ ਹੋਵੇ । ਉਹ ਘਟ ਵਿਕਾਸ ਵਾਲੇ ਮਨ ਦਾ (ਅਵਿਕਲ) ਹੋਵੇ । ਉਹ ਚਾਹੇ ਮਨ, ਵਚਨ ਸ਼ਰੀਰ ਤੇ ਵਾਕ ਨੂੰ ਸਮਝ ਬੁੱਝ ਕੇ ਵਰਤੋਂ ਨਾ ਕਰਦਾ ਹੋਵੇ, ਸੁਪਨੇ ਵੀ ਨਾ ਵੇਖਦਾ ਹੋਵੇ ਭਾਵੇ ਉਹ ਨਾ ਪ੍ਰਗਟ ਕਰਨ ਯੋਗ ਚੇਤਨਾ ਦਾ ਮਾਲਿਕ ਹੋਵੇ ਉਹ ਵੀ ਪਾਪ ਕਰਮ ਕਰਦਾ ਹੈ । ਇਹ ਸੱਚ ਹੈ ।

ਤੁਹਾਡੇ ਇਸ ਕਥਨ ਦੀ ਸਚਾਈ ਕੀ ਹੈ ? ਪ੍ਰਸ਼ਨ ਕਰਤਾ ਦੇ ਉਤਰ ਵਿਚ ਗੁਰਦੇਵ ਆਖਦੇ—"ਤੀਰਥੰਕਰ ਨੇ ਛੇ ਕਾਇਆ ਦੇ ਜੀਵਾ ਨੂੰ ਕਰਮ ਬੰਧ ਦਾ ਕਾਰਣ ਫਰਮਾਇਆ ਹੈ । ਉਹ ਪ੍ਰਿਥਵੀ ਤੋਂ ਲੈ ਕੇ ਤਰੱਸ ਤੱਕ ਹਨ । ਇਨ੍ਹਾਂ ਛੇ ਜੀਵ ਪ੍ਰਕਾਰ ਦੇ ਜੀਵਾਂ ਦੀ ਹਿੰਸਾ ਤੋਂ ਉਤਪਨ ਪਾਪ ਨੂੰ ਪ੍ਰਤਿਖਿਆਨ (ਤਿਆਗ) ਨਾਲ ਨਹੀਂ ਰੋਕਿਆ ਹੈ ਉਹ ਸਦਾ ਨਿਡਰ ਹੋ ਕੇ ਪ੍ਰਾਣੀਆਂ ਦੇ ਘਾਤ ਵਲ ਚਿੱਤ ਲਗਾਈ ਰੱਖਦੇ ਹਨ । ਉਨ੍ਹਾਂ ਜੀਵਾ ਨੂੰ ਦੰਡ ਦਿੰਦੇ ਹਨ । ਜੋ ਪ੍ਰਾਣਾਂ ਤਿਪਾਤ (ਹਿੰਸਾ) ਤੋਂ ਲੈ ਕੇ ਪਰਿਗ੍ਰਹਿ ਤੱਕ, ਕਰੋਧ ਤੋਂ ਲੈ ਕੇ ਮਿਥਿਆ ਦਰਸ਼ਨ ਸਲਯ, ਤੱਕ ਦੇ ਪਾਪ ਸਥਾਨ ਤੋਂ ਨਹੀਂ ਛੁੱਟਦੇ, ਉਹ ਚਾਹੇ ਕਿਸੇ ਵੀ ਹਾਲਤ ਵਿਚ ਹੋਣ ਪਾਪ ਕਰਮ ਦਾ ਬੰਧ ਕਰਦੇ ਹਨ ਇਹੋ ਸੱਚ ਹੈ ।

ਅਚਾਰਿਆਂ (ਗੁਰੂ ਦੇਵ) ਹੋਰ ਆਖਦੇ ਹਨ—ਇਸ ਸੰਬੰਧੀ ਤੀਰਥੰਕਰ ਭਗਵਾਨ ਨੇ ਇਕ ਹਤਿਆਰੇ ਦਾ ਉਦਾਹਰਨ ਪੇਸ਼ ਕੀਤਾ ਹੈ :—

"ਜਿਵੇਂ ਕੋਈ ਹਤਿਆਰਾ ਹੁੰਦਾ ਹੈ ਉਹ ਗ੍ਰਹਿਸਥੀ, ਗ੍ਰਹਿਸਥ ਪੁਤਰ, ਰਾਜਾ, ਰਾਜ ਮੁਲਾਜਿਮ ਦੀ ਹਤਿਆ ਕਰਨਾ ਚਾਹੁੰਦਾ ਹੈ। ਇਸੇ ਤਾਕ ਵਿਚ ਲਗਾ ਰਹਿੰਦਾ ਹੈ ਕਿ ਕਦ ਸਮਾ ਪਾ ਕੇ ਮੈਂ ਇਨ੍ਹਾਂ ਦਾ ਕੰਮ ਖਤਮ ਕਰਾਂਗਾ। ਉਸ ਗ੍ਰਹਿਸਥੀ, ਗ੍ਰਹਿਸਥ ਪੁੱਤਰ, ਰਾਜਾ, ਰਾਜ ਪੁਰਸ਼ ਦੇ ਘਰ ਘੁਸਾਂਗਾ, ਮੌਕਾ ਪਾ ਕੇ ਹਤਿਆ ਕਰਾਂਗਾ।" ਇਸੇ ਸੰਕਲਪ ਵਿਕਲਪ ਵਿਚ ਅਤੇ ਮਨ ਵਿਚ ਨਿਸ਼ਚਾ ਕਰਨ, ਕਾਰਣ ਉਹ ਹਥਿਆਰਾ ਦਿਨ ਰਾਤ, ਸੌਂਦੇ, ਜਾਗਦੇ ਹਰ ਸਮੇਂ ਉਧੇੜ ਬੁਨ ਕਰਦਾ ਹੈ ਉਹ ਸਭ ਦਾ ਸਦਾ ਦੁਸ਼ਮਨ ਅਤੇ ਗਲਤ ਵਿਵਹਾਰ ਕਰਨ ਵਾਲਾ ਚਿਤਰੂਪੀ ਦੰਡ ਵਿਚ ਸਦਾ ਹਤਿਆ ਦਾ ਦੁਸ਼ਟ ਵਿਚਾਰ ਰਖਨ ਵਾਲਾ ਹਥਿਆਰਾ ਨਹੀਂ ਅਖਵਾਉਂਦਾ ?

ਅਚਾਰਿਆ ਸ਼੍ਰੀ ਦੇ ਇਸ ਉਦਾਹਰਨ ਤੇ ਚੇਲਾ ਆਖਦਾ ਹੈ" ਹਾਂ ਮਹਾਰਾਜ। ਇਰਾਦੇ ਨਾਲ ਕਤਲ ਵਾਲਾ ਕਾਤਲ ਅਖਵਾਉਂਦਾ ਹੈ।" ਅਚਾਰਿਆ ਸ਼੍ਰੀ ਇਸ ਉਦਾਹਰਨ ਨੂੰ ਹੋਰ ਸਪਸ਼ਟ ਕਰਦੇ ਹਨ।" ਜਿਵੇਂ ਗ੍ਰਹਿਸਥ, ਗ੍ਰਹਿਸਥ ਪੁੱਤਰ, ਰਾਜਾ ਰਾਜ ਪੁਰਸ਼ ਨੂੰ ਮਾਰਨ ਦੀ ਇੱਛਾ ਵਾਲਾ ਹਿੰਸਕ ਪੁਰਸ਼ ਸੋਚਦਾ ਹੈ ਕਿ ਮੈਂ ਮੌਕਾ ਪਾ ਕੇ ਇਸ ਦੇ ਮਕਾਨ ਵਿਚ ਘੁਸਾਗਾ, ਮੌਕਾ ਪਾ ਕੇ ਹੀ ਇਨ੍ਹਾਂ ਦਾ ਖਾਤਮਾ ਕਰ ਦੇਵਾਗਾ" ਅਜੇਹੇ ਕੁਵਿਚਾਰ ਕਾਰਣ ਉਹ ਦਿਨ ਰਾਤ, ਸੌਂਦੇ, ਜਾਗਦੇ, ਹਰਦਮ ਘਾਤ ਲਾਈ ਰਖਦਾ ਹੈ। ਉਹ ਉਨ੍ਹਾਂ ਦਾ ਦੁਸ਼ਮਨ ਬਨੀਆਂ ਰਹਿੰਦਾ ਹੈ, ਧੋਖਾ ਦੇਨਾ ਚਾਹੁੰਦਾ ਹੈ। ਵਿਨਾਸ਼ ਲਈ ਹਮੇਸ਼ਾ ਚਾਲਾਕੀ ਵਾਲੀ ਬੁਧੀ ਰਖਦਾ ਹੈ। ਇਸੇ ਤਰ੍ਹਾਂ ਅਗਿਆਨੀ ਜੀਵ ਸਾਰੇ ਪ੍ਰਾਣੀ ਭੂਤ, ਜੀਵ ਤੇ ਸਤੱਵ ਦਾ ਦਿਨ ਰਾਤ, ਸੌਂਦੇ ਜਾਗਦੇ ਸਦਾ ਬੈਰੀ ਬਣਿਆ ਰਹਿੰਦਾ ਹੈ। ਝੂਠੀ ਬੁਧੀ ਧਾਰਨ ਕਰਦਾ ਹੈ। ਰਾਤ ਦਿਨ ਗਲਤ ਵਿਚਾਰ ਨਾਲ ਘਿਰਿਆ ਰਹਿੰਦਾ ਹੈ। ਮੂਰਖਤਾ ਨਾਲ ਹਿੰਸਾ ਵਲ ਚਿਤ ਲਾ ਕੇ ਰਖਦਾ ਹੈ। ਉਹ ਅਗਿਆਨੀ ਪ੍ਰਾਣਤਿਆਤ ਤੋਂ ਲੈ ਕੇ ਮਿਥਿਆਂ ਦਰਸ਼ਨ ਸ਼ਲਯ ਤਕ 18 ਪਾਪਾ ਵਿਚ ਰਚ ਜਾਂਦਾ ਹੈ। ਭਗਵਾਨ ਨੇ ਇਸੇ ਲਈ ਅਜੇਹੇ ਜੀਵਾ ਲਈ ਕਿਹਾ ਹੈ ਕਿ ਉਹ (ਜੀਵ) ਸੰਜਮ ਹੀਨ, ਅਵਿਰਤ, ਪਾਪ ਕਰਮਾ ਦਾ ਨਾਸ ਤੇ ਪੱਛਖਾਨ ਨਾ ਕਰਨ ਵਾਲੇ, ਪਾਪ ਕ੍ਰਿਆ ਵਾਲੇ, ਸੰਵਰ ਰਹਿਤ ਜੀਵਾ ਨੂੰ ਦੰਡ ਦੇਣ ਵਾਲੇ, ਅਗਿਆਨੀ, ਬਿਲ-ਕੁਲ ਸੋਏ ਹਨ। ਉਹ ਅਗਿਆਨੀ ਜੀਵ ਮਨ, ਵਚਨ, ਸ਼ਰੀਰ ਤੇ ਵਾਕ ਦਾ ਵਿਚਾਰ ਨਾਲ ਪ੍ਰਯੋਗ ਨਾ ਕਰਦਾ ਹੋਵੇ ਚਾਹੇ, ਸੁਪਨੇ ਨਾ ਵੇਖਦਾ ਹੋਵੇ, ਤਾਂ ਵੀ ਉਹ ਪਾਪ ਕਰਮ ਦਾ ਬੰਧ ਕਰਦਾ ਹੈ। ਜਿਵੇਂ ਕਤਲ ਦੀ ਇੱਛਾ ਵਾਲਾ ਕਾਤਲ ਪੁਰਸ਼ ਗ੍ਰਹਿਸਥ, ਗ੍ਰਹਿਸਥ ਪੁਤਰ ਰਾਜਾ, ਰਾਜ ਪੁਰਸ਼ ਦੇ ਪ੍ਰਤਿ ਹਮੇਸ਼ਾ ਹਿੰਸਕ ਵਿਰਤੀ ਰੱਖਦਾ ਹੈ। ਹਰ ਸਮੇਂ ਸੌਂਦੇ ਜਾਗਦੇ ਉਹ ਘਾਤ ਲਗਾਈ ਰਖਦਾ ਹੈ ਵੈਰ ਕਮਾਉਂਦਾ ਹੈ ਉਸ ਦੇ ਦਿਮਾਗ ਵਿਚ ਧੋਖਾ ਦੇਣ ਵਾਲੇ ਵਿਚਾਰ ਰਹਿੰਦੇ ਹਨ। ਉਹ ਸਦਾ ਉਧੇੜਬੁਨ ਵਿਚ ਰਹਿੰਦਾ ਹੈ ਮੂਰਖਤਾ ਪੂਰਵਕ ਹਿੰਸਕ

ਵਿਚਾਰ ਰਖਦਾ ਹੈ। ਇਸ ਤਰ੍ਹਾਂ ਸਾਰੇ ਜੀਵ ਪ੍ਰਤਿ ਹਮੇਸ਼ਾ ਹਿੰਸਕ ਭਾਵ ਰਖਨ ਵਾਲਾ ਤੇ ਪ੍ਰਾਣਾਂ ਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ 18 ਹੀ ਪਾਪਾ ਵਿਚ ਲਗਾ ਅਗਿਆਨੀ ਜੀਵ ਦਿਨ, ਰਾਤ ਸੌਂਦੇ ਜਾਗਦੇ ਹਮੇਸ਼ਾ ਸਾਰੇ ਜੀਵਾਂ ਦਾ ਦੁਸ਼ਮਨ ਬਣਿਆ ਰਹਿੰਦਾ ਹੈ ਜੀਵਾ ਨੂੰ ਧੋਖਾ ਦੇਣ ਦਾ ਵਿਚਾਰ ਰਖਦਾ, ਮੂਰਖਤਾ ਪੂਰਵਕ ਹਿੰਸਾ ਵਿਚ ਚਿੱਤ ਲਾਉਂਦਾ ਹੈ। ਜੀਵ ਜਦ ਤਕ ਪ੍ਰਤਿਖਿਆਨ ਨਹੀਂ ਕਰਦੇ, ਪਾਪ ਕਰਮ ਬੰਧ ਤੋਂ ਤੱਦ ਤਕ ਮੁਕਤ ਨਹੀਂ ਹੁੰਦੇ, ਉਹ ਪਾਪ ਕਰਮ ਵਿਚ ਹਮੇਸ਼ਾ ਲੱਗੇ ਰਹਿੰਦੇ ਹਨ। 64।

ਪ੍ਰਸ਼ਨ ਕਰਤਾ ਆਖਦਾ ਹੈ "ਪਹਿਲਾ ਆਖੀਆਂ ਗੱਲਾ ਠੀਕ ਨਹੀਂ। ਇਸ ਸੰਸਾਰ ਵਿਚ ਬਹੁਤ ਅਜੇਹੇ ਪ੍ਰਾਣੀ ਹਨ ਜਿਨ੍ਹਾਂ ਦੇ ਸ਼ਰੀਰ ਦਾ ਅਕਾਰ ਨਾ ਵੇਖਿਆ ਗਿਆ ਹੈ ਨਾ ਸੁਣਿਆ ਹੈ, ਉਹ ਪ੍ਰਾਣੀ ਨਾ ਤਾਂ ਆਪਣੇ ਹਿਤਕਾਰੀ ਹਨ, ਨਾ ਜਾਣੂ ਹਨ। ਇਸ ਲਈ ਹਰ ਇਕ ਪ੍ਰਾਣੀਆਂ ਪ੍ਰਤਿ ਹਿੰਸਕ ਵਿਰਤੀ ਰਖਣਾ, ਦਿਨ ਰਾਤ ਸੌਂਦੇ ਜਾਗਦੇ ਦੁਸ਼ਮਨ ਵਿਰਤੀ ਰਖਣਾ, ਧੋਖੇ ਦੇਣ ਲਈ ਹੁਸ਼ਿਆਰ ਰਹਿਣਾ ਤੇ ਮੂਰਖਤਾ ਪੂਰਵਕ ਹਿੰਸਕ ਚਿਤ ਰਖਣਾ ਪ੍ਰਾਣੀਆਂ ਲਈ ਸੰਭਵ ਨਹੀਂ ਇਸ ਲਈ ਪ੍ਰਾਣੀਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ ਦੇ ਪਾਪ ਪ੍ਰਤਿ ਫਸੇ ਰਹਿਣਾ ਇਨ੍ਹਾ ਜੀਵਾ ਨੂੰ ਅਸੰਭਵ ਹੈ। 65।

ਅਚਾਰਿਆ ਸ਼੍ਰੀ ਇਸ ਪ੍ਰਸ਼ਨ ਦਾ ਉੱਤਰ ਦਿੰਦੇ ਆਖਦੇ ਹਨ ਇਸ ਸੰਬੰਧੀ ਤੀਰਥੰਕਰ ਭਗਵਾਨ ਨੇ ਦੋ ਉਦਾਹਰਨ ਦਿੱਤੇ ਹਨ ਉਹ ਇਸ ਪ੍ਰਕਾਰ ਹਨ ਸੰਗੀ (ਵਿਕਸਤ ਮਨਵਾਲੇ ਜੀਵ) ਦਿਸ਼ਟਾਂਤ ਅਸੰਗੀ (ਘੱਟ ਵਿਕਸਤਮਨ ਵਾਲੇ ਜੀਵ) ਦ੍ਰਿਸ਼ਟਾਂਤ ਉਹ ਸੰਗੀ ਦ੍ਰਿਸ਼ਟਾਂਤ ਕਿ ਹੈ ? ਜੋ ਪ੍ਰਤੱਖ ਦਿਖਨ ਵਾਲੇ ਸੰਗੀ ਪੰਜ ਇੰਦਰੀਆਂ ਪਰਿਆਪਤ ਜੀਵ ਹਨ ਇਨ੍ਹਾਂ ਵਿਚ ਪ੍ਰਿਥਵੀ ਤੋਂ ਲੈ ਕੇ ਤਰੱਸ ਕਾਇਆ ਤਕ 6 ਪ੍ਰਕਾਰ ਦੇ ਜੀਵਾ ਸੰਬੰਧੀ ਕੋਈ ਪੁਰਸ਼ ਜੋ ਪ੍ਰਿਥਵੀ ਕਾਇਆ ਤੋਂ ਹੀ ਅਪਣਾ ਭੋਜਨ ਕਰਦਾ ਹੈ, ਕਰਾਦਾ ਹੈ, ਉਸ ਦੇ ਮਨ ਵਿਚ ਅਜੇਹਾ ਵਿਚਾਰ ਪੈਦਾ ਹੁੰਦਾ ਹੈ ਕਿ ਮੈਂ ਪ੍ਰਿਥਵੀ ਕਾਇਆ ਲਈ ਕੰਮ ਕਰਦਾ ਹੈ, ਕਰਾਦਾ ਹਾਂ ਭਾਵੇ ਉਹ ਸਾਰੀ ਜਮੀਨ ਤੇ ਕੰਮ ਨਹੀਂ ਕਰਾਉਂਦਾ। ਉਸ ਸੰਬੰਧੀ ਇਹ ਆਖਿਆ

---

64 ਜੀਵ ਚਾਹੇ ਵਿਕਸਤ ਮਨ (ਸੰਗੀ) ਹੋਵੇ ਜਾਂ ਅਸੰਗੀ ਭਾਵੇਂ ਵਿਕਲਇੰਦੇਰੀ ਹੋਵੇ ਪਾਪ ਕਰਮ ਦਾ ਸੰਭਧ 6 ਕਾਈਆਂ ਦੇ ਜੀਵਾਂ ਨਾਲ ਹੈ। ਕੋਈ ਵੀ ਜੀਵ ਪਾਪ ਕਰਮ ਤੋਂ ਨਹੀਂ ਬੱਚ ਸਕਦੇ। ਇਸ ਸੰਭਧੀ ਖਾਲੀ ਸਰੀਰ ਦਾ ਸੰਭਧ ਨਹੀਂ ਮਨ ਤੇ ਵਚਨ ਨਾਲ ਵੀ ਪਾਪ ਕਰਮ ਬੰਧ ਹੁੰਦਾ ਹੈ।

65 ਚੇਲਾ ਪੁਛਦਾ ਹੈ ਕਿ ਕਈ ਜੀਵ ਅਜਿਹੇ ਵੀ ਹਨ ਜੋ ਅਗਿਆਤ, ਅਣਡਿਠੇ ਹਨ ਜਿਨਾਂ ਵਾਲੋ ਕੁਝ ਕਿਹਾ ਸੁਣਿਆ ਨਹੀਂ ਜਾ ਸਕਦਾ ਇਹ ਗੱਲ ਠੀਕ ਨਹੀਂ ਜਾਪਦੀ ਕਿ ਸਾਰੇ ਪ੍ਰਾਣੀ ਹੀ ਇਕ ਦੂਸਰੇ ਦੇ ਦੁਸ਼ਮਨ ਹਨ।

ਜਾਂਦਾ ਹੈ ਉਹ ਜਮੀਨ ਤੇ ਕੰਮ ਕਰਦਾ ਹੈ ਤੇ ਕਰਾਉਂਦਾ ਹੈ। ਇਸ ਪ੍ਰਕਾਰ ਉਹ ਪੁਰਸ਼ ਪ੍ਰਿਥਵੀ ਕਾਇਆ ਦਾ ਅਸੰਜਮੀ, ਅਵਿਰਤ, ਨਾਸ਼ਕ, ਪ੍ਰਤਿਖਿਆਨ ਰਹਿਤ ਹੈ। ਇਸੇ ਤਰ੍ਹਾਂ ਤਰੱਸ ਕਾਇਆ ਤੱਕ ਸਾਰੇ ਜੀਵਾ ਪ੍ਰਤਿ ਸਮਝਣਾ ਚਾਹੀਦਾ ਹੈ। ਕੋਈ ਪੁਰਸ 6 ਕਾਈਆਂ ਦੇ ਜੀਵਾਂ ਦੀ ਹਿੰਸਾ ਕਰਦਾ ਹੈ ਕਰਾਉਂਦਾ ਹੈ ਤਾਂ ਉਹ ਇਹੋ ਆਖ ਸਕਦਾ ਹੈ ਕਿ ਮੈਂ 6 ਕਾਇਆ ਜੀਵਾ ਦੀ ਹਿੰਸਾ ਕਰਦਾ ਹਾਂ, ਕਰਾਉਂਦਾ ਹਾਂ, ਉਸ ਆਦਮੀ ਨੂੰ ਇਹ ਧਿਆਨ ਨਹੀਂ ਹੁੰਦਾ ਕਿ ਮੈਂ ਕਿਸ ਖਾਸ ਤਰ੍ਹਾਂ ਦੇ ਜੀਵ ਦੀ ਕਿਸਮ ਦੀ ਹਿੰਸਾ ਕਰਦਾ ਹਾ, ਕਰਾਉਂਦਾ ਹਾਂ। ਸਾਰੇ ਜੀਵਾਂ ਦੀ ਨਹੀਂ। ਕਿਉਂਕਿ ਉਹ ਛੇ ਜੀਵ ਨਿਕਾਏ ਦੇ ਜੀਵਾਂ ਦੀ ਹਿੰਸਾ ਕਰਦਾ ਹੈ ਕਰਾਉਂਦਾ ਹੈ। ਇਸ ਕਾਰਣ ਇਹ ਪੁਰਸ਼ ਉਨ੍ਹਾਂ ਛੇ ਕਾਇਆਂ ਦੇ ਜੀਵਾ ਦੀ ਹਿੰਸਾ ਤੋਂ ਅਸੰਯਤ, ਅਵਿਰਤ, ਹਿੰਸਕ, ਪ੍ਰਤਿਖਿਆਨ ਰਹਿਤ ਹੈ ਉਹ ਪ੍ਰਾਣਾਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ ਪਾਪਾਂ ਦਾ ਸੇਵਨ ਕਰਨ ਵਾਲਾ ਹੈ। ਚਾਹੇ ਉਹ ਪੁਰਸ਼ ਸੁਪਨੇ ਨਹੀਂ ਵੀ ਵੇਖਦਾ ਭਾਵ ਉਹ ਨਾ ਪ੍ਰਗਟ ਕਰਨ ਯੋਗ ਚੇਤਨਾ ਵਾਲਾ ਹੈ ਤਾਂ ਵੀ ਪਾਪ ਕਰਮ ਕਰਦਾ ਹੈ। ਇਹ ਸੰਗੀ ਦਾ ਦ੍ਰਿਸ਼ਟਾਂਤ ਹੈ।

ਪ੍ਰਸ਼ਨ ਕਰਤਾ ਪੁਛਦਾ ਹੈ "ਹੇ ਗੁਰੂਦੇਵ ! ਤੀਰਥੰਕਰਾਂ ਨੇ ਅਸੰਗੀ ਦਾ ਜੋ ਦ੍ਰਿਸ਼ਟਾਤ ਦਸਿਆ ਹੈ ਉਹ ਫੁਰਮਾਨ ਦੀ ਖੋਚਲ ਕਰੋ। (ਗੁਰੂਦੇਵ ਆਖਦੇ ਹਨ) "ਪ੍ਰਿਥਵੀ ਕਾਇਆ ਤੋਂ ਲੈ ਕੇ ਬਨਸਪਤੀ ਕਾਇਆ ਦੇ ਜੀਵ ਤਕ ਪੰਜ ਸਥਾਵਰ ਤੇ ਛੇਵੇ ਤਰੱਸ ਜੋ ਅਸੰਗੀ (ਅਵਿਕਸਤ ਮਨ ਵਾਲੇ) ਜੀਵ ਹਨ। ਇਨ੍ਹਾਂ ਵਿਚ ਨਾ ਤਰਕ ਹੈ ਨਾ ਸੰਗਿਆ ਹੈ, ਨਾ ਬੁਧੀ ਹੈ, ਨਾ ਚਿੰਤਨ ਹੈ ਨਾ ਬੋਲੀ ਹੈ, ਨਾ ਤਾਂ ਖੁਦ ਕੁਝ ਕਰ ਸਕਦੇ ਹਨ ਨਾ ਦੂਸਰੇ ਤੇ ਕੁਝ ਕਰਾ ਸਕਦੇ ਹਨ ਨਾ ਕਰਦੇ ਨੂੰ ਚੰਗਾ ਸਮਝ ਸਕਦੇ ਹਨ।

ਉਹ ਅਗਿਆਨ ਪ੍ਰਾਣੀ ਵੀ ਸਾਰੇ ਪ੍ਰਾਣੀਆਂ, ਜੀਵਾਂ, ਸੱਤਵਾ ਦੇ ਦਿਨ ਰਾਤ, ਸੌਂਦੇ, ਜਾਗਦੇ, ਹਰ ਸਮੇਂ ਦੁਸ਼ਮਨ ਬਣੇ ਰਹਿੰਦੇ ਹਨ ਧੋਖਾ ਦੇਣਾ ਚਾਹੁੰਦੇ ਹਨ ਹਿੰਸਕ ਚਿੱਤ ਵਿਰਤੀ ਰਖਦੇ ਹਨ। ਇਹ ਜੀਵ ਦੀ ਪ੍ਰਾਣਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ੱਲਯ ਤਕ 18 ਪਾਪਾ ਵਿਚ ਲਗੇ ਰਹਿੰਦੇ ਹਨ। ਇਨ੍ਹਾਂ ਜੀਵਾ ਪਾਸ ਦਰਵ ਤੇ ਭਾਵ ਮਨ ਨਹੀਂ ਹੁੰਦਾ।

ਇਨ੍ਹਾਂ ਜੀਵਾ ਪਾਸ ਮਨ (ਵਿਕਸਤ ਮਨ) ਨਹੀਂ ਹੁੰਦਾ। ਵਚਨ ਵੀ ਨਹੀਂ ਹੁੰਦਾ।

ਫੇਰ ਵੀ ਇਹ ਜੀਵ ਸਾਰੇ ਪ੍ਰਾਣੀਆਂ ਭੁਤਾ, ਜੀਵਾ ਤੇ ਸੱਤਵਾ ਦੇ ਹਿੰਸਕ-ਦਿਨ-ਰਾਤ, ਸੌਦੇ ਜਾਗਦੇ, ਦੁਸ਼ਮਨ ਬਣੇ ਰਹਿੰਦੇ ਹਨ ਧੋਖਾ ਦਿੰਦੇ ਹਨ ਪ੍ਰਣੀਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਤਕ 18 ਪਾਪਾ ਵਿਚ ਰਹਿੰਦੇ ਹਨ, ਭਾਵੇ ਉਨ੍ਹਾਂ ਜੀਵਾ ਦੇ ਦਰਵ ਮਨ ਦੀ ਤਰ੍ਹਾਂ ਭਾਵ ਮਨ ਨਹੀਂ ਹੁੰਦਾ ਫੇਰ ਵੀ ਉਸ ਪ੍ਰਾਣੀਆ ਭੁਤਾ, ਜੀਵਾ ਤੇ ਸੱਤਵਾ ਨੂੰ ਦੁੱਖ, ਦੇਣਾ ਵਿਲਾਪ, ਸੰਤਾਪ, ਰੁਦਨ, ਪੀੜਾ, ਹਤਿਆ ਕਰਨ ਵਾਲੇ, ਕਸ਼ਟ ਦੇਣ ਵਾਲੇ ਜਾਂ ਉਨ੍ਹਾਂ

ਨੂੰ ਇਕੋ ਵੇਲੇ ਦੁਖ, ਸੋਗ, ਵਿਲਾਪ, ਸੰਤਾਪ, ਰੁਦਨ ਪੀੜ, ਬੰਧਨ ਤੇ ਕਲੇਸ਼ ਦੇਵ ਤੋਂ ਮੁਕਤ ਨਹੀਂ ਹੁੰਦੇ, ਸਗੋਂ ਹਮੇਸ਼ਾ ਪਾਪ ਕਰਨ ਵਿਚ ਲੱਗੇ ਰਹਿੰਦੇ ਹਨ। ਇਸ ਪ੍ਰਕਾਰ ਇਹ ਪ੍ਰਾਣੀ ਅਸੰਗੀ ਹੁੰਦੇ ਹੋਏ ਵੀ ਪ੍ਰਾਣਾਤਿਪਾਤ ਤੋਂ ਲੈ ਕੇ ਝੂਠ ਤੇ ਪਰਿਗ੍ਰਹਿ ਤਕ, ਫੇਰ ਮਿਥਿਆ ਦਰਸ਼ਨ ਸ਼ਲਯ ਤਕ ਸਾਰੇ ਪਾਪ ਸਥਾਨਾ ਵਿਚ ਰਾਤ ਦਿਨ ਪਾਪ ਕਰਮ ਵਿਚ ਲੱਗੇ ਰਹਿੰਦੇ ਹਨ। ਸਾਰੇ ਜੂਨਾ ਦੇ ਪ੍ਰਾਣੀ ਨਿਸ਼ਚਤ ਰੂਪ ਵਿਚ ਸੰਗੀ ਹੋ ਕੇ ਅਸੰਗੀ ਹੋ ਜਾਂਦੇ ਹਨ ਤੇ ਅਸੰਗੀ ਹੋ ਕੇ ਸੰਗੀ ਹੋ ਜਾਂਦੇ ਹਨ। ਉਹ ਸੰਗੀ ਤੇ ਅਸੰਗੀ ਪਾਪ ਕਰਮ ਤੋਂ ਅੱਡ ਨਾ ਹੁੰਦੇ ਹੋਏ, ਕਰਮ ਨਾ ਝਾੜਦੇ ਹੋਏ, ਨਾ ਛੇਕਦੇ ਹੋਏ, ਨਾ ਪਸ਼ਚਾਤਾਪ ਕਰਦੇ ਹੋਏ, ਉਹ ਅਸੰਗੀ ਸਰੀਰ ਤੋਂ ਸੰਗੀ ਹੋ ਜਾਂਦੇ ਹਨ ਅਤੇ ਸੰਗੀ ਸ਼ਰੀਰ ਤੋਂ ਸੰਗੀ ਹੋ ਜਾਂਦੇ ਹਨ। ਅਤੇ ਸੰਗੀ ਸਰੀਰ ਤੋਂ ਅਸੰਗੀ ਸਰੀਰ ਧਾਰਨ ਕਰਦੇ ਹਨ। ਕਦੇ ਸੰਗੀ ਤੋਂ ਸੰਗੀ ਵੀ ਬਨਦੇ ਹਨ। ਅਸੰਗੀ ਤੋਂ ਅਸੰਗੀ ਬਣਦੇ ਹਨ। ਇਹ ਜੋ ਸੰਗੀ ਜਾ ਅਸੰਗੀ ਜੀਵ ਹਨ ਉਹ ਸਾਰੇ ਮਿਥਿਆਤਵੀ ਹੁੰਦੇ ਹਨ ਮੂਰਖਤਾ ਨਾਲ ਹਿੰਸਕ ਚਿਤਵਿਰਤੀ ਧਾਰਨ ਕਰਦੇ ਹਨ। ਇਸ ਲਈ ਪ੍ਰਾਣੀਤਿਪਾਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ 18 ਪਾਪਾ ਦਾ ਸੇਵਨ ਕਰਦੇ ਹਨ। "ਇਸੇ ਕਾਰਣ ਹੀ ਭਗਵਾਨ ਮਹਾਵੀਰ ਨੇ ਉਨ੍ਹਾਂ ਜੀਵਾ ਨੂੰ ਅਸੰਜਤ, ਅਵਿਰਤ, ਕ੍ਰਿਆ ਵਾਲੇ, ਪਾਪੀ ਪ੍ਰਤਿਖਿਆਨ ਤੇ ਸਬਰ ਰਹਿਤ, ਏਕਾਂਤ ਹਿੰਸਕ, ਏਕਾਂਤ ਅਗਿਆਨੀ, ਤੇ ਸੁਤੇ ਹੋਏ ਕਿਹਾ ਹੈ। ਉਹ ਅਗਿਆਨੀ ਜੀਵ ਚਾਹੇ ਮਨ, ਵਚਨ, ਕਾਇਆ ਤੇ ਵਾਕ ਦੇ ਪ੍ਰਯੋਗ ਤੇ ਵਿਚਾਰ ਰਹਿਤ ਹੋਣ ਅਤੇ ਸੁਪਨੇ ਵੀ ਨਾ ਵੇਖਦੇ ਹੋਣ, ਅਵਿਕਸਤ ਮਨ ਵਾਲੇ ਹੋਣ, ਤਾਂ ਵੀ ਉਹ ਪਾਪ ਕਰਮ ਕਰਦੇ ਹਨ। 66।

---

66 ਇਸ ਪਾਠ ਵਿਚ ਮਨ ਵਾਲੇ ਅਤੇ ਅਵਿਕਸਤ ਮਨ ਵਾਲੇ ਅਸੰਗੀ ਜੀਵਾਂ ਦੀ ਪਾਪ ਕਰਮ ਬੰਧ ਦੀ ਸ਼ਕਤੀ ਨੂੰ ਪ੍ਰਗਟ ਕੀਤਾ ਗਿਆ ਹੈ। ਅਸੰਗੀ ਉਨ੍ਹਾਂ ਨੂੰ ਆਖਦੇ ਹਨ ਜੋ ਜੀਵ, ਸਮਿਅੱਕ ਗਿਆਨ ਖਾਸ ਚੇਤਨਾ, ਅਤੇ ਦਰਵੱਮਨ ਤੋਂ ਰਹਿਤ ਹਨ। ਇਹ ਜੀਵ ਸੋਏ ਹੋਏ, ਮਤਵਾਲੇ ਜਾਂ ਬੇਹੋਸ਼ ਦੀ ਤਰ੍ਹਾਂ ਹਨ। ਪ੍ਰਿਥਵੀ, ਹਵਾ, ਅੱਗ, ਪਾਣੀ, ਬਨਸਪਤਿ ਤਕ (ਸਥਾਵਰ) ਦੇ ਸਾਰੇ ਜੀਵ ਇਕ ਇੰਦਰੀ ਅਸੰਗੀ ਹਨ। ਦੋ, ਤਿੰਨ, ਚਾਰ ਇੰਦਰੀਆਂ ਵਾਲੇ ਜੀਵ ਵੀ ਅਸੰਗੀ ਹਨ। ਪੰਜ ਇੰਦਰੀਆ ਵਾਲੇ ਕੁਝ ਤਰਸ ਜੀਵਨ ਅਸੰਗੀ ਹੁੰਦੇ ਹਨ ਕੁਝ ਨਹੀਂ।

ਇਨ੍ਹਾਂ ਅਸੰਗੀ ਜੀਵਾਂ ਦੇ ਤਰਕ, ਸੰਗਿਆ, ਬੁੱਧੀ, ਆਲੋਚਨਾ ਕਰਨ ਦੀ ਸ਼ਕਤੀ, ਪਛਾਨ ਦੀ ਸ਼ਕਤੀ, ਚਿੰਤਨ, ਮਨਨ, ਸ਼ਬਦ, ਉਚਾਰਨ ਦੀ ਸ਼ਕਤੀ, ਕੋਈ ਕੰਮ ਖੁਦ ਕਰਨਾ, ਕਰਾਉਣਾ ਜਾਂ ਕਿਸੇ ਕੰਮ ਨੂੰ ਚੰਗਾ ਮੰਦਾ ਆਖਣ ਦੀ ਸ਼ਕਤੀ ਨਹੀਂ ਹੁੰਦੀ। ਫੇਰ ਵੀ ਇਹ ਜੀਵ ਦੂਸਰੇ ਜੀਵਾਂ ਨੂੰ ਨਸ਼ਟ ਕਰਨ ਦੀ ਯੋਗਤਾ ਰਖਦੇ ਹਨ ਕਿਉਂ-

(ਬਾਕੀ ਸਫਾ 231 ਤੇ)

ਫੇਰ ਪ੍ਰਸ਼ਨ ਕਰਤਾ, ਗੁਰੂ ਦੇਵ ਤੋਂ ਪ੍ਰਸ਼ਨ ਕਰਦਾ ਹੈ, ਮਨੁੱਖ ਕਿ ਕਰਦਾ ਹੋਇਆ ਕਿ ਕਰਾਉਂਦਾ ਹੋਇਆ, ਕਿਸ ਤਰ੍ਹਾਂ ਸੰਯਤ, ਵਿਰਤ, ਪਾਪ ਕਰਮ ਦਾ ਨਾਸ਼ਕ ਪ੍ਰਤਿਖਿਆਨ ਵਾਲਾ ਹੁੰਦਾ ਹੈ ? ਇਸ ਦੇ ਉਤਰ ਵਿਚ ਅਚਾਰਿਆ ਆਖਦੇ ਹਨ" ਇਸ ਸੰਬੰਧੀ ਤੀਰਥੰਕਰ ਭਗਵਾਨ ਨੇ ਛੇ ਪ੍ਰਕਾਰ ਦੇ ਪ੍ਰਾਣੀਆਂ ਦੇ ਸਮੂੰਹ ਨੂੰ ਕਾਰਣ ਕਿਹਾ ਹੈ। ਜਿਵੇਂ ਡੰਡਾ, ਹੱਡੀ, ਇੱਟ ਮੁਕਾ, ਠੀਕਰ ਨਾਲ ਡਰਾਉਨ ਨਾਲ ਗੜਬੜ, ਕਰਨ ਤੇ, ਇਕ ਹੀ ਰੋਮ ਪੁਟਨ ਤੇ ਭੈ ਕਾਰਣ ਦੁੱਖ ਮੰਨਦਾ ਹਾਂ" ਇਸੇ ਤਰ੍ਹਾਂ ਸਮਝਣਾ ਚਾਹੀਦਾ ਹੈ ਸਾਰੇ ਪ੍ਰਾਣੀ ਤੇ ਸੱਤਵ ਡੰਡੇ ਤੋਂ ਲੈ ਕੇ ਠੀਕਰ ਤੱਕ ਦੇ ਮਾਰਨ ਤੇ, ਡਰਾਉਣ ਤੇ ਇਕ ਰੋਮ ਤੱਕ ਪੁਟਨ ਤੇ ਹਿੰਸਕ ਦੁਖ ਤੇ ਭੈ ਕਾਰਣ ਦੁਖ ਮੰਨਦੇ ਹਨ। ਅਜੇਹਾ ਜਾਨ ਕੇ ਸਾਰੇ ਪ੍ਰਾਣੀ, ਭੂਤ ਸਤਵਾਂ ਨੂੰ ਮਾਰਨਾ ਨਹੀਂ ਚਾਹੀਦਾ, ਨਾ ਉਪਦਰਵ ਕਰਨਾ ਚਾਹੀਦਾ।" ਇਹ ਅਹਿੰਸਾ ਧਰਮ ਹੀ ਧਰੁਵ ਹੈ ਨਿੱਤ ਹੈ, ਸ਼ਾਸਵਤ ਹੈ।" ਲੋਕ ਸੁਭਾਵ ਨੂੰ ਜਾਣ ਕੇ ਸ੍ਰੀ ਤੀਰਥੰਕਰਾ ਨੇ ਇਸ ਤਰ੍ਹਾਂ ਕਿਹਾ ।

ਇਹ ਜਾਣ ਕੇ ਸਾਧੂ ਪ੍ਰਾਣੀਤਿਪਤ ਤੋਂ ਲੈ ਕੇ ਮਿਥਿਆ ਦਰਸ਼ਨ ਸ਼ਲਯ ਤਕ 18 ਪਾਪਾ ਛੱਡਦਾ ਹੈ। ਉਹ ਸਾਧੂ ਦੰਦ ਨੂੰ ਸਾਫ ਕਰਨ ਵਾਲੀ ਲਕੜੀ ਦਾਤੂਨ, ਮੰਜਨ, ਹੋਰ ਸਾਧਨ ਦੰਦਾ ਦੀ ਸ਼ੋਭਾ ਲਈ ਨਾ ਵਰਤੇ। ਅੱਖਾਂ ਵਿਚ ਸੁਰਮਾ ਨਾ ਪਾਵੇ, ਨਾ ਹੀ ਦਵਾ ਦਾਰੂ ਨਾਲ ਪੇਟ ਸਾਫ ਕਰੇ। ਨਾ ਹੀ ਧੂਫ ਨਾਲ ਕੱਪੜੇ ਨੂੰ ਸੰਗਧਿਤ ਕਰੇ।

ਅਜੇਹਾ ਸਾਧੂ ਪਾਪ ਕ੍ਰਿਆ ਰਹਿਤ, ਹਿੰਸਾ ਰਹਿਤ, ਕਰੋਧ, ਮਾਨ, ਮਾਇਆ ਤੇ ਲੋਭ ਰਹਿਤ, ਉਪਸ਼ਾਤ ਤੇ ਪਾਪ ਤੋਂ ਦੂਰ ਹੋ ਕੇ ਰਹੇ।" ਅਜੇਹਾ ਤਿਆਗੀ ਪ੍ਰਤਿਖਿਆਨੀ ਸਾਧਕ ਨੂੰ ਭਗਵਾਨ ਤੀਰਥੰਕਰ ਦੇਵ ਨੇ ਸੰਯਤ, ਵਿਰਤੀ ਵਾਲਾ, ਪਾਪ ਕਰਮਾ ਦਾ ਨਾਸ਼ਕ, ਪ੍ਰਤਿਖਿਆਨੀ, ਅਕ੍ਰਿਆ (ਪਾਪ ਕ੍ਰਿਆ ਰਹਿੰਤ) ਸਵੰਰ ਵਾਲਾ ਤੇ ਹਮੇਸ਼ਾ ਪੰਡਤ (ਗਿਆਨੀ) ਕਿਹਾ ਹੈ। ਅਜੇਹਾ ਮੈਂ ਆਖਦਾ ਹਾਂ।67

---

ਕਿ ਇਨ੍ਹਾਂ ਜੀਵਾਂ ਨੇ ਕਿਸੇ ਪ੍ਰਕਾਰ ਦੇ ਜੀਵਾਂ ਦੀ ਹਿੰਸਾ ਦਾ ਤਿਆਗ ਨਹੀਂ ਕੀਤਾ ਹੁੰਦਾਂ, ਪ੍ਰਤਿਖਿਆਨ ਨਹੀਂ ਕੀਤਾ ਹੈ। ਫੇਰ ਇਨ੍ਹਾਂ ਦਾ ਮਨ, ਵਚਨ ਤੇ ਕਾਇਆ ਦਾ ਖਾਸ ਵਿਉਪਾਰ ਕ੍ਰਿਆ ਨਹੀਂ, ਫੇਰ ਵੀ ਇਨ੍ਹਾਂ ਨੂੰ ਪ੍ਰਾਣਾਤਿਪਾਤ ਤੋਂ ਲੈਕੇ ਮਿਥਿਆ ਦਰਸ਼ਨ ਸਲਾਹ ਤਕ ਦੇ 18 ਪਾਪ ਲਗਦੇ ਹਨ।

ਇਸੇ ਤਰ੍ਹਾਂ ਜੋ ਮਨੁਖ ਪ੍ਰਤਿਖਿਆਨ ਨਹੀਂ, ਉਸਨੂੰ ਵੀ ਭੈੜੇ ਇਰਾਂਦੇ ਕਾਰਣ ਇਹ 18 ਪਾਪ ਲਗਦੇ ਹਨ। ਸਾਸਤਰ ਕਾਰ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਹਰ ਸੰਗੀ ਅਸੰਗੀ ਬਣ ਸਕਦਾ ਹੈ ਅਸੰਗੀ ਬਣ ਸਕਦਾ ਹੈ ਅਸੰਗੀ ਸਗੀ ਬਣ ਸਕਦਾ ਹੈ ਅਸੰਗੀ ਅੰਸਗੀ ਰਹਿ ਸਕਦਾ ਹੈ ਸੰਗੀ ਸੰਗੀ ਰਹਿ ਸਕਦਾ ਹੈ। ਜੇ ਜੀਵ ਇਕੋ ਅਵਸਥਾ ਵਿਚ ਰਹਿਣ ਤਾਂ ਪਾਪ ਤੇ ਪੁੰਨ ਕਰਮ ਦਾ ਫਲ ਕਿਸ ਤਰ੍ਹਾਂ ਮਿਲੇ। ਭਾਵ ਇਹ ਹੈ ਕਿ ਅਸੰਜਤ ਅਵਿਰਤ ਜੀਵ ਭਾਵੇਂ ਸੰਗੀ ਹੋਵੇ ਜਾਂ ਅਸੰਗੀ, ਪਾਪ ਕਰਮ ਜ਼ਰੂਰ ਕਰਦਾ ਹੈ ਕਿਉਂਕਿ ਇਹ ਸਭ ਜੀਵ ਪ੍ਰਤਿਖਿਆਨ ਤੋਂ ਰਹਿਤ ਹਨ। ਪਾਪਾਂ ਦਾ ਤਿਆਗ (ਪ੍ਰਤਿਖਿਆਨ) ਨਹੀਂ ਕੀਤਾ, ਇਸੇ ਕਾਰਣ ਪਾਪ ਕਰਮ ਦਾ ਸ਼ਿਕਾਰ ਹੁੰਦੇ ਹਨ।



# ਪੰਜਵਾਂ ਅਧਿਐਨ-ਅਨਗਾਰ ਸ਼ਰੁਤ-ਆਚਾਰ ਸਰੁਤ

ਸਾਧਕ ਨੂੰ ਸੰਜਮ ਦਾ ਗਿਆਨ ਹੋਣਾ ਜ਼ਰੂਰੀ ਹੈ । ਉਸ ਸਾਧੂ ਪੁਰਸ਼ ਨੂੰ ਆਚਾਰ (ਗ੍ਰਹਿਣ ਕਰਨ ਯੋਗ) ਤੇ ਅਨਾਚਾਰ (ਛਡਨ ਯੋਗ) ਗੱਲਾਂ ਦਾ ਪਤਾ ਹੋਣਾ ਜ਼ਰੂਰੀ ਹੈ । ਜੋ ਆਚਾਰ ਪਾਲਨ ਅਤੇ ਅਨਾਚਾਰ ਛੱਡਣ ਵਿਚ ਹੋਣਾ ਜ਼ਰੂਰੀ ਹੈ । ਜੋ ਆਚਾਰ ਪਾਲਨ ਅਤੇ ਅਨਾਚਾਰ ਛੱਡਣ ਵਿਚ ਹੋਸ਼ਿਆਰ ਹੈ ਉਹ ਹੀ ਭੇੜਾ ਰਾਹ ਛਡ ਕੇ ਸੱਚੇ ਮਾਰਗ ਤੇ ਚਲਣ ਵਾਲਾ, ਸਾਰੇ ਦੋਸ਼ਾ ਤੋਂ ਰਹਿਤ ਹੋਕੇ ਛੇਤੀ ਹੀ ਆਪਣੀ ਮੰਜਲ ਪ੍ਰਾਪਤ ਕਰ ਲੈਂਦਾ ਹੈ ।

ਜਿਸ ਆਚਾਰ ਦਾ ਇਸ ਅਧਿਐਨ ਵਿਚ ਵਰਨਣ ਹੈ ਉਹ ਸਾਧੂਆ ਨਾਲ ਸੰਭਧਿਤ ਹੈ ਇਸ ਲਈ ਇਸ ਅਧਿਐਨ ਦਾ ਨਾ ਅਨਗਾਰ ਸ਼ਰੁਤ ਹੈ । ਨਿਰਯੁਕਤੀਕਾਰ ਨੇ ਇਸ ਅਧਿਐਨ ਦਾ ਸਾਰ ਅਨਾਚਾਰ [ਨਾਂ ਗ੍ਰਹਿਣ ਯੋਗ] ਦਾ ਤਿਆਗ ਦਸੀਆ ਹੈ । ਜਦ ਤਕ ਸਾਧਕ ਨੂੰ ਆਚਾਰ ਦਾ ਗਿਆਨ ਨਹੀਂ ਹੁੰਦਾ, ਉਹ ਅਨਾਚਾਰ ਨਹੀਂ ਛੱਡ ਸਕਦਾ । ਨਾ ਹੀ ਅਗਿਆਨੀ ਸਾਧਕ ਗ੍ਰਹਿਣ ਕਰਨ ਯੋਗ ਤੇ ਛਡਨ ਯੋਗ ਵਿਚ ਭੇਦ ਕਰ ਸਕਦਾ ਹੈ ।

ਇਸ ਅਧਿਐਨ ਵਿਚ 33 ਗਾਥਾਵਾਂ ਹਨ । 11 ਗਾਥਾਵਾਂ ਵਿਚ ਏਕਾਂਤ ਵਾਦ ਨੂੰ ਨਾਂ ਗ੍ਰਹਿਣ ਕਰਨ ਯੋਗ ਦਸਿਆ ਹੈ । ਜੈਨ ਧਰਮ ਅਨੇਕਾਂਤ ਵਾਦੀ ਹੈ ਸੱਚ ਨੂੰ ਬਹੁ ਪੱਖੀ ਮੰਨਦਾ ਹੈ । ਹੋਰ ਧਰਮ **ਹੀ** ਵਿਚ ਵਿਸ਼ਵਾਸ ਰਖਦੇ ਹਨ, ਜੈਨ ਧਰਮ ਸਚਾਈ ਦੇ ਬਹੁ ਪਖਾਂ ਨਾਲ ਚਿੰਤਨ ਕਰਦਾ ਹੋਈਆ **ਵੀ** ਨੂੰ ਮੰਨਦਾ ਹੈ । ਇਸ ਨਾਲ ਵਿਚਾਰਾ ਦੀ ਵਿਸ਼ਾਲਤਾ ਵਧਦੀ ਹੈ। ਇਥੇ ਸਾਧਕ ਨੂੰ ਏਕਾਂਤਵਾਦ ਨੂੰ ਛਡਨ ਦੀ ਲਈ ਪ੍ਰੇਰਣਾ ਕੀਤੀ ਗਈ ਹੈ ।

ਇਸ ਬਾਅਦ ਲੋਕ-ਅਲੋਕ, ਜੀਵ-ਅਜੀਵ, ਧਰਮ-ਅਧਰਮ, ਬੰਧ-ਮੋਕਸ਼, ਪੁੰਨ-ਪਾਪ, ਆਸ਼ਰਵ ਸੰਬਰ, ਨਿਰਜਰਾ, ਕ੍ਰਿਆ ਅਕ੍ਰਿਆ, ਕਰੋਧ, ਮਾਨ ਮਾਇਆ, ਲੋਭ ਰਾਗ, ਦਵੇਸ਼, ਸੰਸਾਰ, ਸਿਧੀ, ਅਸਿਧੀ, ਦੇਵ, ਦੇਵੀ, ਸਾਧੂ, ਅਸਾਧੂ, ਕਲਿਆਨ, ਅਕਲਿਆਨ ਸੰਭਧੀ ਮਾਨਤਾਵਾਂ ਤੋਂ ਇਨਕਾਰੀ ਹੋਰ ਮਾਨਤਾਵਾਂ ਵਾਲਿਆ ਨੂੰ ਅਨਾਚਾਰੀ (ਨਾ ਗ੍ਰਹਿਣ ਕਰਨ ਯੋਗ] ਕਿਹਾ ਗਿਆ ਹੈ । ਲੋਕ ਦੇ ਸਵਰੂਪ ਨੂੰ ਸਮਝਣ ਦੀ ਆਗਿਆ ਦਿੱਤੀ ਗਈ ਹੈ । ਗਾਥਾਵਾਂ ਵਿਚ ਖਾਸ ਕਿਸਮ ਦਾ ਭਾਸ਼ਾ ਬੋਲਨ ਦੀ ਸਾਧੂ ਨੂੰ ਮਨਾਹੀ ਕੀਤੀ ਗਈ ਹੈ ।

# ਪੰਜਵਾਂ ਅਧਿਐਨ ਅਨਾਗਾਰ ਸਰੁਤ-ਅਚਾਰ ਸ਼ਰੁਤ

ਆਸ਼ੁਪ੍ਰਗਿਆ-ਸੱਤ ਤੇ ਅਸੱਤ ਦਾ ਗਿਆਨੀ ਸਾਧਕ ਇਸ ਅਧਿਐਨ ਦੇ ਵਾਕ ਤੇ ਬ੍ਰਹਮਚਰਜ (ਮਹਾਤਮਾ ਨਾਲ ਸੰਭਧਿਤ ਧਰਮ) ਨੂੰ ਧਾਰਨ ਕਰਕੇ ਇਸ ਵੀਤਰਾਗ ਧਰਮ ਵਿਚ ਰਹਿ ਕੇ ਕਦੇ ਦੁਰਚਾਰ ਦਾ ਸੇਵਨ ਨਾ ਕਰੇ । 1 । ਵਿਵੇਕੀ ਪੁਰਸ਼ ਇਸ ਸੰਸਾਰ ਨੂੰ ਅਨਾਦਿ (ਸ਼ੁਰੂਰਹਿਤ) ਅੰਤ ਰਹਿਤ ਅਨੰਤ, ਇਹ 14 ਰਾਜੂ ਲੋਕ ਵਿਚ ਫੈਲਿਆ ਧਰਮ ਅਧਰਮ ਆਦਿ ਦਰਵ ਰੂਪ ਜਾਨਦਾ ਹੈ । 'ਇਹ ਲੋਕ ਏਕਾਂਤ ਨਿੱਤ (ਸਿਰਫ ਰਹਿਨ ਵਾਲਾ) ਏਕਾਂਤ ਅਨਿਤ (ਸਿਰਫ ਵਿਨਾਸ਼ੀ) ਹੈ ।' ਅਜੇਹੀ ਬੁਧੀ ਨਾ ਰਖੇ । 2

ਏਕਾਂਤ ਨਿਤ ਤੇ ਏਕਾਂਤ ਅਨਿੱਤ, ਇਨ੍ਹਾਂ ਦੋਨਾ ਏਕਾਂਤ ਪਖਾਂ ਵਿਚ ਸ਼ਾਂਸਤਰ ਦਾ ਵਿਵਹਾਰ ਨਹੀਂ ਚਲ ਸਕਦਾ ਇਨ੍ਹਾਂ ਦੋਹਾਂ ਦੀ ਏਕਾਂਤ ਮਾਨਤਾ ਦੁਰਾਚਾਰ ਸੇਵਨ ਕਰਨ ਤੁਲ ਹੈ । 3 ।

---

1 (ਆਸ਼ਪ੍ਰਗਿਆ) ਤੋਂ ਭਾਵ ਹੈ ਅਪਣਾ ਹਿੱਤ ਤੇ ਅਹਿੱਤ ਦਾ ਗਿਆਨੀ ਪੰਡਿਤ । ਬ੍ਰਹਮਚਰਜ ਵਾਰੇ ਵਿਰਤੀਕਾਰ ਦਾ ਆਖਣਾ ਹੈ ਬ੍ਰਹਮਚਰਜ ਦਾ ਅਰਥ ਹੈ ਕਿ ਇਹ ਆਤਮਾ ਸੰਬਧੀ ਚਰਿਆ ਕਰਦਾ ਹੈ । ਭਾਵ ਵੀਤਰਾਗ ਪ੍ਰਮਾਤਮਾ ਦਵਾਰਾ ਆਖੇ ਵਚਨਾ ਵਿਚ ਘੁਮਨਾ ਵੀ ਬ੍ਰਹਮਚਰਜ ਹੈ । ਜਿਵੇਂ ਇਕ ਅਚਾਰਿਆ ਦਾ ਕਥਨ ਹੈ ।

ਸੱਚ ਬ੍ਰਹਮ ਹੈ, ਤੱਪ ਬ੍ਰਹਮ ਹੈ, ਇੰਦਰੀਆਂ ਤੇ ਕਾਬੂ ਪਾਨਾ ਬ੍ਰਹਮਚਰਜ ਹੈ, ਸਾਰੇ ਪ੍ਰਾਣੀਆ ਪ੍ਰਤਿ ਦਿਆ ਬ੍ਰਹਮ ਹੈ । ਇਹੋ ਬ੍ਰਹਮ ਦਾ ਲਛਣ ਹੈ ।

2-3 ਸੰਸਾਰ ਵਿਚ ਜਿਨੇ ਵੀ ਪਦਾਰਥ ਹਨ ਉਹ ਕਿਸੇ ਪੱਖੋਂ ਨਿੱਤ ਅਤੇ ਕਿਸੇ ਪਖੋਂ ਅਨਿੱਤ ਹਨ ਕਿਸੇ ਵੀ ਪਦਾਰਥ ਨੂੰ ਏਕਾਂਤ ਪੱਖੋਂ ਨਿੱਤ ਜਾ ਅਨਿੱਤ ਆਖਣਾ ਸ਼ਾਸਤਰਕਾਰ ਦੀ ਦ੍ਰਿਸ਼ਟੀ ਵਿਚ ਦੁਰਾਚਾਰ ਸੇਵਨ ਹੈ ਕਿਉਂਕਿ ਸੱਚ ਦੇ ਬਹੁਤ ਪੱਖ ਹੁੰਦੇ ਹਨ ਇਕ ਪਖ ਗ੍ਰਹਿਣ ਕਰਣ ਨਾਲ ਸਚਾਈ ਸਾਹਮਣੇ ਨਹੀਂ ਆਂਦੀ । ਇਸ ਵਾਰੇ ਇਕ ਉਦਾਹਰਣ ਬਹੁਤ ਪ੍ਰਸਿਧ ਹੈ ਕਿਸੇ ਰਾਜੇ ਨੇ ਆਪਣੀ ਲੜਕੀ ਦਾ ਸੋਨੇ ਦਾ ਕੜਾ ਗਲਵਾ ਕੇ ਉਸਦਾ ਮੁਕਟ ਸੁਨਿਆਰ ਕੋਲੋਂ ਆਪਣੇ ਰਾਜਕੁਮਾਰ ਲਈ ਬਣਵਾ ਦਿੱਤਾ, ਕੜੇ ਦੇ ਪਿਘਲਣ ਕਾਰਣ ਰਾਜਕੁਮਾਰੀ ਬਹੁਤ ਦੁਖੀ ਹੋਈ ਪਰ ਰਾਜ ਕੁਮਾਰ ਮੁਕਟ ਮਿਲਣ ਕਾਰਣ ਬਹੁਤ ਖੁਸ਼ ਹੋਇਆ ਰਾਜਾ ਨਾ ਖੁਸ਼ ਅਤੇ ਨਾ ਦੁਖੀ ਹੋਇਆ । ਕਿਉਂ ਜੋ ਉਸ ਦਾ ਸੋਨਾ ਤਾਂ ਉਂਝ ਹੀ ਬਰਕਰਾਰ ਰਿਹਾ । ਇਸੇ ਤਰ੍ਹਾਂ ਜੇ ਪਦਾਰਥ ਏਕਾਂਤ ਨਿੱਤ ਹੀ ਹੋਣ ਤਾਂ ਰਾਜਕੁਮਾਰੀ ਦੁਖੀ ਹੋਣਾ ਬੇਕਾਰ ਹੈ, ਅਤੇ ਜੇ ਪਦਾਰਥ ਅਨਿੱਤ ਹੋਣ ਤਾਂ ਰਾਜਕੁਮਾਰ ਦਾ ਖੁਸ਼ ਹੋਣਾ ਬੇਕਾਰ ਹੈ, ਇਸ ਲਈ ਪਦਾਰਥ ਕਿਸੇ ਪੱਖੋਂ ਨਿੱਤ ਵੀ ਹੈ ਅਤੇ ਕਿਸੇ ਪਖੋਂ ਅਨਿੱਤ । ਇਸ ਤਰ੍ਹਾਂ ਮੰਨਣ ਨਾਲ ਪਦਾਰਥ ਦਾ ਮੂਲ ਉਸੇ ਪ੍ਰਕਾਰ ਰਹਿੰਦਾ ਹੈ ਪਰ ਸੁਭਾਵ ਬਦਲ ਜਾਂਦਾ ਹੈ ।

'ਤੀਰਥੰਕਰ ਤੇ ਉਨ੍ਹਾਂ ਨੂੰ ਮੰਨਣ ਵਾਲੇ ਸਾਰੇ ਤਰਨਹਾਰ, ਮੁਕਤੀ ਪ੍ਰਾਪਤ ਕਰਣਗੇ ਜਾਂ ਸਮਾਂ ਪਾਕੇ ਮੁਕਤੀ ਪ੍ਰਾਪਤ ਕਰਨਗੇ। ਸਾਰੇ ਜੀਵਾਂ ਦੇ ਮੁਕਤ ਹੋਣ ਤੇ ਸੰਸਾਰ ਜੀਵਾਂ ਤੋਂ ਰਹਿਤ ਹੋ ਜਾਵੇਗਾ ਸਾਰੇ ਜੀਵ ਇਕ ਸਾਰ ਵਿਖਾਈ ਨਹੀਂ ਦਿੰਦੇ। ਸਾਰੇ ਜੀਵ ਕਰਮ-ਬੰਧ ਨਾਲ ਬੰਧੇ ਰਹਿਨਗੇ। ਸਾਰੇ ਜੀਵ ਸ਼ਾਸਵਤ (ਹਮੇਸ਼ਾ ਰਹਿਨਵੱਲੇ) ਇਕ ਰੂਪ ਰਹਿਨਗੇ। ਤੀਰਥੰਕਰ ਹਮੇਸ਼ਾ ਰਹਿਨਗੇ। ਅਜੇਹੇ ਏਕਾਂਤ ਵਚਨ ਨਹੀਂ ਬੋਲਨੇ ਚਾਹੀਦੇ। 4।

ਕਿਉਂਕਿ ਦੋਹਾ ਏਕਾਂਤ (ਇਕ ਪਾਸੜ) ਪੱਖਾਂ ਤੋਂ ਸ਼ਾਸਤਰ ਤੇ ਸੰਸਾਰ ਦਾ ਵਿਵਹਾਰ ਨਹੀਂ ਹੁੰਦਾ। ਇਸ ਲਈ ਇਨ੍ਹਾਂ ਦੋਹਾਂ ਪਖਾਂ ਨੂੰ ਗ੍ਰਹਿਣ ਕਰਨਾ ਦੁਰਾਚਾਰ ਸੇਵਨ ਕਰਨਾ ਹੈ। 5।

ਇਸ ਸੰਸਾਰ ਵਿਚ ਇੰਕਇੰਦਰੀਆਂ ਆਦਿ ਛੋਟੇ ਜੀਵ ਹਨ ਅਤੇ ਵਿਸ਼ਾਲ ਹਾਥੀ ਘੋੜੇ ਆਦਿ ਜੀਵ ਹਨ ਇਨ੍ਹਾਂ ਦੋਹਾਂ ਛੋਟੇ ਜਾ ਦੋਹਾ ਬੜੇ ਜੀਵਾਂ ਦੀ ਹਿੰਸਾ ਨਾਲ ਇਕੋ ਜਿਹਾ ਵੈਰ ਹੁੰਦਾ ਹੈ ਜਾਂ ਇਕੋ ਜਿਹਾ ਵੈਰ ਨਹੀਂ ਹੁੰਦਾ। । ਇਹ ਨਹੀਂ ਆਖਣਾ ਚਾਹਿਦਾ। 6।

ਕਿਉਂਕਿ ਇਨ੍ਹਾਂ ਦੋਹਾ ਏਕਾਂਤ ਵਚਨਾਂ ਨਾਲ ਸੰਸਾਰ ਦਾ ਵਿਵਹਾਰ ਨਹੀਂ ਚਲਦਾ। ਇਸ ਲਈ ਦੋਹੇ ਏਕਾਂਤ (ਇਕ ਪਾਸੜ) ਕਥਨ ਦੁਰਚਾਰ ਸੇਵਨ ਹਨ।' 7।

ਜੋ ਸਾਧੂ ਆਧਾਕਰਮ ਦੋਸ਼ ਯੁਕਤ (ਛੇ ਕਾਇਆ ਦੀ ਹਿੰਸਾ ਨਾਲ ਤਿਆਰ) ਭੋਜਨ ਪਾਣੀ ਸੇਵਨ ਕਰਦੇ ਹਨ। ਉਹ ਪਾਪ ਕਰਮ ਵਿਚ ਲਿਬੜਦੇ ਹਨ ਜਾਂ ਨਹੀਂ ਲਿਬੜਦੇ ਅਜਿਹਾ ਜਾਨਣਾ ਚਾਹੀਦਾ। 8।

ਕਿਉਂਕਿ ਇਨ੍ਹਾਂ ਦੋਹਾਂ ਏਕਾਂਤ ਵਚਨਾ ਨਾਲ ਵਿਵਹਾਰ ਨਹੀਂ ਚਲਦਾ ਇਸ ਲਈ ਏਕਾਂਤ ਵਚਨ ਦਾ ਸੇਵਨ ਦੁਰਾਚਾਰ ਸੇਵਨ ਹੈ। 9।

ਇਹ ਜੋ ਪ੍ਰਤੱਖ ਔਦਾਰਿਕ (ਹੱਡੀਮਾਸ) ਦਾ ਸ਼ਰੀਰ ਹੈ। ਅਹਾਰਕ ਸ਼ਰੀਰ ਹੈ ਕਾਰਮਨ ਸਰੀਰ ਹੈ। ਵੈਕਰਿਆਂ ਸ਼ਰੀਰ ਹੈ। ਇਹ ਸਾਰੇ ਸਰੀਰ ਇਕੱਠੇ ਹਨ ਜਾਂ ਭਿੰਨ ਭਿੰਨ ਹਨ ਦੋਹੇ ਤਰ੍ਹਾਂ ਦਾ ਏਕਾਂਤ ਵਚਨ ਨਹੀਂ ਆਖਨਾ ਚਾਹੀਦਾ। ਸਾਰੇ ਪਦਾਰਥਾਂ ਵਿਚ ਸਭ ਪਦਾਰਥਾਂ ਦੀ ਸ਼ਕਤੀ ਮਾਜੂਦ ਹੈ ਜਾਂ ਸਭ ਪਦਾਰਥਾਂ ਵਿਚ ਸਭ ਪਦਾਰਥਾਂ ਦੀ ਸ਼ਕਤੀ ਮਾਜੂਦ ਨਹੀਂ ਅਜੇਹਾ ਏਕਾਂਤ ਵਚਨ ਨਹੀਂ ਆਖਨਾ ਚਾਹੀਦਾ। 10।

---

10 ਜੈਨ ਦਾਰਸਨਿਕਾਂ ਨੇ ਸਰੀਰ ਦੇ 5 ਭੇਦ ਦਸੇ ਹਨ।

1. ਔਦਾਰਿਕ—ਜੋ ਸਰੀਰ ਪ੍ਰਤੱਖ ਵਿਖਾਈ ਦਿੰਦਾ ਹੈ ਮੋਟੇ ਮੋਟੇ ਪੁਦਗੱਲਾ ਨਾਲ ਬਣੀਆ ਹੈ ਉਹ ਔਦਾਰਿਕ ਸ਼ਰੀਰ ਹੈ ਇਹੋ ਸਰੀਰ ਖਤਮ ਹੋਣ ਵਾਲਾ ਹੈ ਇਹ ਮਨੁੱਖ ਪਸ਼ੂਆ ਦੇ ਹੁੰਦਾ ਹੈ।

(ਬਾਕੀ ਸਫਾ 235 ਤੇ)

ਕਿਉਂਕਿ ਇਨ੍ਹਾਂ ਦੋਹਾਂ ਏਕਾਂਤ ਵਚਨਾ ਨਾਲ ਵਿਵਹਾਰ ਨਹੀਂ ਚਲਦਾ। ਇਸ ਲਈ ਇਸ ਪ੍ਰਕਾਰ ਦੇ ਦੋਹੇ ਏਕਾਂਤ ਪੱਖ ਦਾ ਆਸਰਾ ਦੁਰਾਚਾਂਰ ਸੇਵਨ ਹੈ। 11।

ਲੋਕ ਹੈ ਜਾ ਅਲੋਕ ਨਹੀਂ ਅਜੇਹਾ ਗਿਆਨ ਨਹੀਂ ਰਖਨਾ ਚਾਹੀਦਾ। ਲੋਕ ਜਾਂ ਅਲੋਕ ਹੈ ਅਜੇਹਾ ਗਿਆਨ ਰਖਨਾ ਚਾਹੀਦਾ ਹੈ। 12।

ਜੀਵ ਅਤੇ ਅਜੀਵ ਪਦਾਰਥ ਨਹੀਂ ਅਜੇਹੀ ਬੁਧੀ ਨਹੀਂ ਚਾਹੀਦੀ। ਜੀਵ ਤੇ ਅਜੀਵ ਪਦਾਰਥ ਹਨ ਇਸ ਪ੍ਰਕਾਰ ਦੀ ਬੁਧੀ ਰਖਨੀ ਚਾਹੀਦੀ ਹੈ। 13।

ਧਰਮ-ਅਧਰਮ ਨਹੀਂ ਹੈ। ਇਸ ਪ੍ਰਕਾਰ ਦੀ ਬੁਧੀ ਨਹੀਂ ਰਖਨੀ ਚਾਹੀਦੀ ਧਰਮ ਵੀ ਹੈ ਅਧਰਮ ਵੀ ਹੈ ਇਹ ਬੁਧੀ ਰਖਨੀ ਚਾਹੀਦੀ ਹੈ। 14।

ਬੰਧ ਜਾਂ ਮੋਕਸ਼ ਨਹੀਂ ਇਹ ਨਹੀਂ ਮੰਨਣਾ ਚਾਹੀਦਾ। ਬੰਧ ਤੇ ਮੋਕਸ਼ ਹੈ ਇਹ

---

2. ਵੈਕਰਿਆ—ਵੈਕਰਿਆ ਸ਼ਰੀਰ ਦੇਵਤਿਆ ਤੇ ਨਾਰਕੀਆ ਪਾਸ ਹੁੰਦਾ ਹੈ ਕਦੇ ਕਦੇ ਮਹਾਨ ਤਪਸਵੀ ਵੀ ਸਾਧਨਾ ਨਾਲ ਵੈਕਰਿਆ ਸ਼ਰੀਰ ਪ੍ਰਾਪਤ ਕਰ ਸਕਦੇ ਹਨ।
3. ਅਹਾਰਕ—ਇਹ 14 ਪੂਰਵਾਂ (ਗ੍ਰੰਥਾਂ) ਦੇ ਗਿਆਨੀ ਮੁਨੀਆਂ ਦੇ ਹੁੰਦਾ ਹੈ ਕਿਸੇ ਵਿਸ਼ੇ ਸੰਬਧੀ ਸੰਕਾ ਹੋਣ ਤੇ ਇਹ ਗਿਆਨੀ ਸੁਖਮ ਪੁਦਗਲਾਂ ਦਾ ਪੁਤਲਾ ਬਣਾ ਕੇ ਤੀਰਥੰਕਰ ਪਾਸ ਭੇਜਦੇ ਹਨ। ਇਹ ਪੁਤਲਾ ਉਤਰ ਸਮੇਤ ਇਕ ਸਮੇਂ ਤੋਂ ਘਟ ਸਮੇਂ ਵਿਚ ਸ਼ਰੀਰ ਵਿਚ ਪ੍ਰਵੇਸ ਕਰਦਾ ਹੈ। ਇਹ ਗਿਆਨ ਸਰੀਰ ਹੈ।
4. ਤੇ ਜਮਾ 5. ਕਾਰਮਨ—ਇਹ ਦੋਵੇਂ ਸਰੀਰ ਹਰ ਪ੍ਰਾਣੀ ਪਾਸ ਹੁੰਦੇ ਹਨ। ਸੁਖਮ ਹਨ ਵਿਨਾਸ ਨੂੰ ਪ੍ਰਾਪਤ ਨਹੀਂ ਕਰਦੇ। ਕਾਰਮਨ ਸਰੀਰ ਕਰਮਾ ਅਨੁ-ਸਾਰ ਇਕ ਗਤੀ ਤੋਂ ਦੂਸਰੀ ਗਤੀ ਵਿਚ ਲੈ ਆਤਮਾ ਨੂੰ ਲੈ ਜਾਂਦਾ ਹੈ। ਤੇਜਸ ਸਰੀਰ ਦਾ ਕੰਮ ਸਰੀਰ ਦੀ ਪਾਚਨ ਸਕਤੀ ਨੂੰ ਬਣਾਕੇ ਰਖਣਾ ਹੈ। ਸੋ ਇਨ੍ਹਾਂ ਸਰੀਰਾਂ ਨੂੰ ਇਕ ਆਖਣਾ ਮਿਥਿਆਤਵ ਜਾਂ ਏਕਤਾਂ ਬਚਨ ਹੈ।

13-18 ਇਥੇ ਜੈਨ ਧਰਮ ਦੇ 9 ਤੱਤਵ (ਜੀਵ, ਅਜੀਵ, ਪਾਪ, ਪੁੰਨ, ਆਸ਼ਰਵ, ਸ਼ੰਬਰ, ਬੰਧ, ਨਿਰਜ਼ਰਾ ਤੇ ਮੋਕਸ ਨੂੰ ਅੱਡ ਅੱਡ ਮਨਣ ਦੀ ਹਿਦਾਇਤ ਕੀਤੀ ਗਈ ਹੈ। ਇਨ੍ਹਾਂ ਵਿਚੋਂ ਕਿਸੇ ਇਕ ਤੱਤਵ ਨੂੰ ਇਕੱਠਾ ਜਾਂ ਅੱਡ ਬੋਲਣਾ ਏਕਾਂਤ ਬਚਨ ਹੈ ਜੋ ਪਾਪ ਦਾ ਕਾਰਣ ਹੈ।

ਬੁਧਦਰਸਨ ਵਾਲੇ ਅਕ੍ਰਿਆ ਨੂੰ ਮੰਨਦੇ ਹਨ। ਜੇ ਅਕ੍ਰਿਆ ਹੈ ਤਾਂ ਫੇਰ ਪੁਨਰ-ਜਨਮ ਕਿਵੇਂ ਸੰਭਵ ਹੈ ਕਰਮ ਫਲ ਦਾ ਕਿ ਅਥਥ ਹੈ? ਮੋਕਸ ਦਾ ਕਿ ਲਾਭ ਹੈ? ਕਿਉਂਕਿ ਇਨ੍ਹਾਂ ਦੀ ਪ੍ਰਾਪਤੀ ਲਈ ਕ੍ਰਿਆ ਜ਼ਰੂਰੀ ਹੈ। ਸੋ ਆਤਮਾ ਕਿਸੇ ਪੱਖੋਂ ਅਕ੍ਰਿਆ ਵਾਨ ਹੈ ਤਾਂ ਸਰੀਰ ਧਾਰੀ ਆਤਮਾ ਕ੍ਰਿਆਵਾਨ ਹੈ। ਅਕ੍ਰਿਆਵਾਨ ਵਿਚ ਨਿਅੱਤੀਵਾਦੀ ਈਸਵਰਵਾਦੀ ਤੇ ਏਵਵਾਦੀ ਵੀ ਸ਼ਾਮਲ ਕੀਤੇ ਜ਼ਾ ਸਕਦੇ ਹਨ। ਫੇਰ ਭਗਤੀ ਵੀ ਇਕ ਕ੍ਰਿਆ ਹੈ।

ਬੁਧੀ ਰਖਨੀ ਚਾਹੀਦੀ ਹੈ। ਪੁੰਨ ਤੇ ਪਾਪ ਨਹੀਂ ਹੈ ਅਜੇਹੀ ਬੁਧੀ ਨਹੀਂ ਰਖਨੀ ਚਾਹੀਦੀ। ਪੁੰਨ ਤੇ ਪਾਪ ਹੈ ਅਜੇਹੀ ਮਾਨਤਾ ਰਖਨੀ ਚਾਹੀਦੀ ਹੈ। 16।

ਆਸ਼ਰਵ ਤੇ ਸੰਵਰ ਨਹੀਂ ਹੈ ਅਜੇਹੀ ਬੁਧੀ ਨਹੀਂ ਰਖਨੀ ਚਾਹੀਦੀ। ਆਸ਼ਰਵ ਤੇ ਸੰਵਰ ਹੈ ਇਹ ਬੁੱਧੀ ਰਖਨੀ ਚਾਹੀਦੀ ਹੈ। 17।

ਵੇਦਨਾ ਤੇ ਨਿਰਜਰਾ ਨਹੀਂ, ਇਹ ਮਾਨਤਾ ਨਹੀਂ ਰਖਨਾ ਚਾਹੀਦਾ। ਵੇਦਨਾ ਤੇ ਨਿਰਜਰਾ ਹੈ ਇਹ ਬੁਧੀ ਰਖਨੀ ਚਾਹੀਦੀ ਹੈ। 18।

ਕ੍ਰਿਆ ਤੇ ਅਕ੍ਰਿਆ ਨਹੀਂ। ਅਜੇਹੀ ਬੁਧੀ ਨਹੀਂ ਰਖਨੀ ਚਾਹੀਦੀ। ਕ੍ਰਿਆਤੇ ਅਕ੍ਰਿਆ ਹੈ ਅਜੇਹੀ ਬੁੱਧੀ ਰਖਨੀ ਚਾਹੀਦੀ ਹੈ। 19।

ਕਰੋਧ ਤੇ ਮਾਨ ਨਹੀਂ, ਅਜੇਹੀ ਬੁਧੀ ਨਹੀਂ ਰਖਨੀ ਚਾਹੀਦੀ, ਕਰੋਧ ਤੇ ਮਾਨ ਹਨ ਇਹ ਬੁੱਧੀ ਰਖਣੀ ਚਾਹੀਦੀ ਹੈ। 20।

ਮਾਇਆ ਤੇ ਲੋਭ ਨਹੀਂ ਹਨ ਅਜੇਹੀ ਬੁਧੀ ਨਹੀਂ ਚਾਹੀਦੀ। ਮਾਈਆ ਤੇ ਲੋਭ ਹਨ ਅਜੇਹੀ ਬੁਧੀ ਰਖਨੀ ਚਾਹੀਦੀ ਹੈ। 21।

ਰਾਗ ਤੇ ਦਵੇਸ਼ ਨਹੀਂ ਹਨ ਅਜਿਹਾ ਵਿਚਾਰ ਨਹੀਂ ਕਰਨਾ ਚਾਹੀਦਾ। ਰਾਗ ਤੇ ਦਵੇਸ਼ ਹੈ ਅਜੇਹੀ ਬੁਧੀ ਰਖਨੀ ਚਾਹੀਦੀ ਹੈ। 22।

ਚਾਰ ਗਤਿ ਵਾਲਾ ਸੰਸਾਰ ਨਹੀਂ ਹੈ ਅਜੇਹੀ ਬੁੱਧੀ ਨਹੀਂ ਰਖਣੀ ਚਾਹੀਦੀ। ਚਾਰ ਗਤਿ ਵਾਲਾ ਸੰਸਾਰ ਹੈ ਅਜੇਹੀ ਬੁੱਧੀ ਰਖਣੀ ਚਾਹੀਦੀ ਹੈ। 23।

ਦੇਵ ਜਾਂ ਦੇਵੀ ਨਹੀਂ ਹਨ ਅਜੇਹੀ ਨਹੀਂ ਮੰਨਣਾ ਚਾਹੀਦਾ ਦੇਵ ਦੇਵੀ ਹਨ ਅਜੇਹੀ ਬੁੱਧੀ ਰਖਣੀ ਹੈ। 24।

ਸਿੱਧੀ ਜਾ ਅਸਿਧਿ ਨਹੀਂ, ਇਹ ਗਿਆਨ ਨਹੀਂ ਰਖਣਾ ਚਾਹੀਦਾ। ਸਿੱਧ ਤੇ

---

23-28 ਇਨ੍ਹਾਂ ਸੂਤਰਾਂ ਵਿਚ ਦੇਵ ਦੇਣੀ, ਸਿਧੀ, ਅਸਿੱਧੀ, ਸਿੱਧ, ਸਾਧੂ ਤੇ ਅਸਾਧੂ ਨੂੰ ਵੱਖ ਵੱਖ ਕਰਕੇ ਸਮਝਣਾ ਵਿਚ ਆਤਮਾ ਦਾ ਭਲਾ ਮੰਨਿਆ ਗਿਆ ਹੈ। ਕਈ ਲੋਕ ਆਖਦੇ ਹਨ।"

ਪਾਣੀ ਵਿਚ ਜੀਵ ਹੈ ਜਮੀਨ ਤੇ ਜੀਵ ਹੈ। ਅਕਾਸ਼ ਵਿਚ ਜੀਵ ਹੈ। ਸਾਰਾ ਸੰਸਾਰ ਜੀਵਾਂ ਨਾਲ ਭਰਿਆ ਪਿਆ ਹੈ ਫ਼ੇਰ ਕੋਈ ਕਿਵੇਂ ਅਹਿੰਸਕ ਹੋ ਸਕਦਾ ਹੈ? ਪਰ ਜੈਨ ਧਰਮ ਅਨੁਸਾਰ ਕੋਈ ਵੀ ਮਨੁੱਖ ਸਾਧੂ ਦੇ 5 ਮਹਾਵਰਤ, 5 ਸਮਿਤਿ 3 ਗੁਪਤੀ ਦਾ ਪਾਲਨ ਕਰਕੇ ਜਾਂ ਗ੍ਰਹਿਸਥ, ਧਰਮ ਦੇ 12 ਵਰਤਾ ਦਾ ਠੀਕ ਆਚਰਨ ਕਰਕੇ ਮੋਕਸ਼ ਪ੍ਰਾਪਤ ਕਰ ਸਕਦਾ ਹੈ। ਹਿੰਸਾ ਦਾ ਸੰਬਧ ਜੀਵ ਦੇ ਮਰਨ ਨਾਲ ਨਹੀਂ, ਸਗੋਂ ਮਾਰਨ ਦੀ ਭਾਵਨਾ ਨਾਲ ਹੈ ਜੋ ਪਾਪ ਕਰਮ ਬੰਧ ਦਾ ਕਾਰਣ ਬਣਦੀ ਹੈ ਜਿਸ ਦੇ ਸ਼ਿਟੇ ਵਲੋਂ ਜੀਵ ਆਤਮਾ ਸੰਸਾਰ ਚਕਰ ਵਿਚ ਭਟਕ ਦੀ ਰਹਿੰਦੀ ਹੈ।

ਅਸਿਧੀ ਹੈ ਇਹ ਬੁਧੀ ਰਖਣੀ ਚਾਹੀਦੀ ਹੈ। 25।

ਸਿਧੀ ਜੀਵ ਦਾ ਨਿੱਜ ਸਥਾਨ ਨਹੀਂ ਹੈ ਅਜੇਹੀ ਮਾਨਤਾ ਨਹੀਂ ਕਰਨੀ ਚਾਹੀਦੀ। ਸਿਧੀ ਜੀਵ ਦੇ ਨਿਜ ਸਥਾਨ ਹੈ ਇਹ ਬੁਧੀ ਕਰਨੀ ਚਾਹੀਦੀ ਹੈ। 26।

ਸਾਧੂ ਤੇ ਅਸਾਧੂ ਨਹੀਂ ਹੈ ਇਹ ਬੁੱਧੀ ਨਹੀਂ ਕਰਣੀ ਚਾਹੀਦੀ। ਸਾਧੂ ਤੇ ਅਸਾਧੂ ਹਨ ਇਹ ਬੁੱਧੀ ਰਖਣੀ ਚਾਹੀਦੀ ਹੈ। 27।

ਕਲਿਆਨ ਜਾਂ ਪਾਪ ਨਹੀਂ ਇਹ ਬੁੱਧੀ ਨਹੀਂ ਰਖਣੀ ਚਾਹੀਦੀ। ਕਲਿਆਨ ਤੇ ਪਾਪ ਹਨ ਇਹ ਬੁੱਧੀ ਰਖਣੀ ਚਾਹੀਦੀ ਹੈ। 28।

ਇਹ ਪੁਰਸ਼ ਏਕਾਂਤ ਕਲਿਆਨਕਾਰੀ ਹੈ ਇਹ ਪੁਰਸ਼ ਏਕਾਤ ਪਾਪੀ ਹੈ ਅਜੇਹਾ ਸੋਚਣ ਨਾਲ ਜਗਤ ਵਿਵਹਾਰ ਨਹੀਂ ਚਲਦਾ। ਫੇਰ ਵੀ ਜੋ ਸ਼੍ਰਮਣ [ਬੁੱਧ] ਅਗਿਆਨੀ ਹਨ। ਅਵਿਵੇਕੀ ਹੋਣਤੇ ਵੀ ਖੁਦ ਨੂੰ ਪਡੰਤ (ਗਿਆਨੀ) ਮੰਨਦੇ ਹਨ ਉਹ ਏਕਾਂਤ ਪਖ ਦੇ ਸਹਾਰੇ ਪੈਦਾ ਹੋਣ ਵਾਲੇ ਵੇਰ (ਕਰਮਬੰਧ) ਨੂੰ ਨਹੀਂ ਜਾਣਦੇ।

ਜਗਤ ਵਿਚ ਸਾਰੇ ਪਦਾਰਥ ਏਕਾਂਤ ਨਿਤ ਹਨ ਜਾਂ ਏਕਾਂਤ ਅਨਿਤ ਹਨ। ਅਜੇਹਾ ਨਹੀਂ ਆਖਣਾ ਚਾਹੀਦਾ। ਇਸ ਤਰ੍ਹਾਂ ਸਾਰਾ ਸੰਸਾਰ ਏਕਾਂਤ ਦੁਖ ਦਾ ਕਾਰਣ ਹੈ ਇਹ ਨਹੀਂ ਆਖਣਾ ਚਾਹੀਦਾ। ਇਹ ਪ੍ਰਾਣੀ ਮਾਰਨ ਯੋਗ ਹੈ ਜਾਂ ਨਾ ਮਾਰਨ ਯੋਗ ਹੈ ਇਹ ਵਚਨ ਵੀ ਸਾਧੂ ਪੁਰਸ਼ ਨੂੰ ਬੋਲਣ ਯੋਗ ਨਹੀਂ ਹਨ। 29।

ਸਾਧਵਾ ਅਚਾਰ ਅਨੁਸਾਰ, ਭਿੱਖਸ਼ਾ ਦੇ ਸਹਾਰੇ ਜਿਉਣ ਵਾਲੇ ਸੱਚੇ ਭਿਖਸ਼ੂ ਵਿਖਾਈ ਦਿੰਦੇ ਹਨ। ਇਹ ਸਾਧੂ ਲੋਕ ਕਪਟ ਰਾਹੀਂ ਜੀਵਨ ਨਿਰਵਾਹ ਕਰਦੇ ਹਨ ਅਜੇਹਾ ਦਰਿਸ਼ਟੀਕੋਨ ਨਹੀਂ ਰਖਣਾ ਚਾਹੀਦਾ ਹੈ। 30।

---

28-30 ਉਪਰੋਕਤ ਗਾਥਾਵਾਂ ਵਿਚ ਸ਼ਾਸਤਰਕਾਰ ਨੇ ਤਿੰਨੇ ਪ੍ਰਕਾਰ ਦੇ ਏਕਾਂਤ ਵਚਨ ਆਖਣ ਦੀ ਮਨਾਹੀ ਕੀਤੀ ਹੈ।

1) ਸੰਸਾਰ ਦੇ ਸਾਰੇ ਪਦਾਰਥ ਏਕਾਂਤ ਨਿੱਤ ਹਨ ਜਾਂ ਅਨਿੱਤ ਹਨ

2) ਸਾਰਾ ਸੰਸਾਰ ਏਕਾਤ ਦੁੱਖ ਰੂਪ ਹੈ।

3) ਇਹ ਜੀਵ ਮਾਰਨ ਯੋਗ ਹੈ ਜਾਂ ਬਚਾਉਣ ਯੋਗ ਹੈ।

ਪਹਿਲਾ ਕਥਨ ਸਾਂਖਯ ਵਾਦੀ ਦਾ ਹੈ ਜੋ ਸੰਸਾਰ ਨੂੰ ਨਿੱਤ ਮੰਨਦੇ ਹਨ ਜੋ ਆਖਦੇ ਹਨ ਕੋਈ ਪਦਾਰਥ ਨਹੀਂ ਬਦਲਦਾ। ਪਰ ਇਸ ਦੇ ਉਲਟ ਸਾਰੇ ਪਦਾਰਥ ਹਰ ਸਮੇਂ ਬਦਲਦੇ ਹਨ। ਬਚਾ ਜਵਾਨ ਹੁੰਦਾ ਹੈ ਜਵਾਨ ਬੁੱਢਾ।

ਬੁੱਧ ਧਰਮ ਵਾਲੇ ਸੰਸਾਰ ਨੂੰ ਅਨਿਤ ਆਖਦੇ ਹਨ ਉਨਾਂ ਦਾ ਕਥਨ ਹੈ ਕਿ ਆਤਮਾ ਸਮੇਤ ਹਰ ਪਦਾਰਥ ਨਸ਼ਟ ਹੋ ਜਾਂਦਾ ਹੈ ਅਤੇ ਫੇਰ ਪੈਦਾ ਹੁੰਦਾ ਹੈ। ਸੰਸਾਰ

(ਬਾਕੀ ਸਫ਼ਾ 238)

"ਦਾਨ" ਇਸ ਵਿਅੱਕਤੀ ਤੋਂ ਮਿਲੇਗਾ ਜਾ ਇਸ ਤੋਂ ਨਹੀਂ ਮਿਲੇਗਾ ਜਾ ਅੱਜ ਭਿਖੀਆ ਮਿਲੇਗੀ ਜਾ ਨਹੀਂ ਮਿਲੇਗੀ। ਬੁਧੀਮਾਨ ਸਾਧੂ ਅਜੇਹੀ ਗੱਲ ਨਾ ਕਰੇ। ਜਿਸ ਢੰਗ ਨਾਲ ਮੋਕਸ਼ ਦੇ ਰਾਹ ਵਿਚ ਵਾਧਾ ਹੋਵੇ ਅਜੇਹਾ ਵਚਨ ਬੋਲੇ। 31।

ਇਸ ਅਧਿਐਨ ਵਿਚ ਆਖੇ ਜਿਨੇਦੰਰ ਵਚਨ ਅਨੁਸਾਰ, ਖੁਦ ਨੂੰ ਸੰਜਮ ਵਿਚ ਸਥਾਪਿਤ ਕਰਦਾ ਹੋਇਆ ਸਾਧੂ ਮੋਕਸ਼ ਪ੍ਰਾਪਤੀ ਦੀ ਕੋਸ਼ਿਸ਼ ਕਰੇ ਅਜਿਹਾ ਮੈਂ ਆਖਦਾ ਹਾਂ। 32।

---

ਵਿਚ ਆਤਮਾ ਅਜਿਹਾ ਪਦਾਰਥ ਹੈ ਕਿ ਸਰੀਰ ਤੋਂ ਮੁਕਤ ਹੋਣ ਤੋਂ ਬਾਅਦ ਇਹ ਨਿਰਵਾਨ ਨੂੰ ਪ੍ਰਾਪਤ ਕਰ ਲੈਂਦਾ ਹੈ ਜੋ ਬੁਧ ਮਾਨਤਾ ਸਹੀ ਮਨ ਲਈ ਜਾਵੇ ਤਾਂ ਬੁਧ ਧਰਮ ਦਾ ਨਿਰਵਾਣ ਸੰਬੰਧੀ ਸਿਧਾਂਤ ਗਲਤ ਸਿਧ ਹੋ ਜਾਂਦਾ ਹੈ।

ਦੂਸਰਾ ਕਥਨ ਏਕਾਂਤ ਦੁਖ ਸੰਬੰਧੀ ਹੈ। ਸੰਸਾਰ ਨੂੰ ਏਕਾਂਤ ਦੁਖ ਭਰਿਆ ਆਖਣਾ ਠੀਕ ਨਹੀਂ। ਕਿਉਂਕਿ ਇਹੋ ਸੰਸਾਰ ਮੁਕਤੀ ਦਾ ਕਾਰਣ ਵੀ ਹੈ। ਗਿਆਨ, ਦਰਸ਼ਨ ਚਰਿੱਤਰ ਦੀ ਸਮਿਅਕ ਅਰਾਧਨਾ ਕਰਕੇ ਜੀਵ ਇਸੇ ਸੰਸਾਰ ਰਾਹੀਂ ਹੀ ਮੋਕਸ਼ ਜਾਂਦੇ ਹਨ। ਸੋ ਇਹ ਸੰਸਾਰ ਆਨੰਦ ਦਾ ਕਾਰਣ ਹੈ।

ਤੀਸਰਾ ਕਥਨ ਮਾਰਨ ਜ਼ਾਂ ਨਾਂ ਮਾਰਨ ਯੋਗ ਪ੍ਰਾਣੀਆ ਬਾਰੇ ਹੈ। ਸੰਸਾਰ ਵਿਚ ਹਿੰਸਕ, ਚੋਰ, ਹਤਿਆਰੇ, ਪਰਇਸਤਰੀ ਭੋਗੀ ਜੀਵਾਂ ਵਾਰੇ ਸਾਧੂ ਏਕਾਂਤ ਇਹ ਨਾ ਆਖੇ ਕਿ ਇਹ ਮਾਰਨ ਯੋਗ ਹਨ। ਟੀਕਾਕਾਰ ਸ਼ੀਲਾਕਾਂ ਅਚਾਰਿਆ ਦਾ ਆਖਣਾ ਹੈ

"ਜੀਵ ਹਿੰਸਾ ਕਰਨ ਵਿਚ ਤਿਆਰ ਰਹਿਣ ਵਾਲੇ ਸ਼ੇਰ, ਬਾਘ, ਬਿੱਲੀ ਆਦਿ ਪ੍ਰਾਣੀਆਂ ਨੂੰ ਵੇਖ ਕੇ ਸਾਧੂ ਮਾਧਿਅਸਥ ਭਾਵ ਦਾ ਸਹਾਰਾ ਲਵੇ।"

ਸਾਧੂ ਅਪਰਾਧੀ ਨੂੰ ਨਿਰ ਅਪਰਾਧੀ ਨਾ ਆਖੇ ਕਿਉਂਕਿ ਅਜਿਹਾ ਵਚਨ ਬੋਲਣ ਨਾਲ ਸਾਧੂ ਨੂੰ ਉਸ ਪ੍ਰਾਣੀ ਦੇ ਸਮਰਥਨ ਦਾ ਦੋਸ਼ ਲਾ ਸਕਦਾ ਹੈ।

# ਛੇਵਾਂ ਅਧਿਐਨ ਆਦਰਕੀਆ

ਇਸ ਅਧਿਐਨ ਵਿਚ ਈਰਾਨ ਦੇਸ਼ ਵਾਸੀ ਆਦਰਕੀਆ ਰਾਜਾ ਦੇ ਪੁਤਰ ਆਦਰਕ ਕੁਮਾਰ ਦਾ ਵਰਨਣ ਹੈ ਜੋ ਕਿ ਰਾਜਾ ਬਿੰਬਸਾਰ ਦੇ ਪੁੱਤਰ ਤੇ ਮੰਤਰੀ ਅਭੈ ਕੁਮਾਰ ਦਾ ਮਿੱਤਰ ਸੀ । ਪਿਛਲਾ ਜਨਮ ਯਾਦ ਆਉਣ ਕਾਰਣ ਉਹ ਸਾਧੂ ਬਣ ਗਿਆ ਪਰ ਅਜੇਹਾ ਉਸ ਦਾ ਕਾਮ ਭੋਗ ਬਾਕੀ ਸੀ । ਸੋ ਸਾਧੂ ਪੁਣਾ ਛੱਡ ਕੇ ਗ੍ਰਹਿਸਥੀ ਫੇਰ ਬਣਿਆ ।12 ਸਾਲ ਘਰ ਰਿਹਾ । ਇਕ ਪੁੱਤਰ ਤੇ ਇਸਤਰੀ ਤਿਆਗ ਕੇ ਮੁੜ ਸਾਧੂ ਬਣਿਆ । ਉਸਨੂੰ ਰਸਤੇ ਵਿਚ ਗੋਸ਼ਾਲਕ ਸਮੇਤ ਹੋਰ ਧਰਮ ਵਿਚਾਰਕ ਮਿਲੇ । ਜਿਨ੍ਹਾਂ ਨਾਲ ਉਸ ਨੇ ਚਰਚਾ ਕੀਤੀ । ਆਦਰਕ ਕੁਮਾਰ ਨੇ ਉਨ੍ਹਾਂ ਨੂੰ ਇਸ ਚਰਚਾ ਵਿਚ ਪੂਰੀ ਤਰਾਂ ਹਰਾ ਦਿਤਾ । ਉਸ ਨਾਲ 500 ਉਸ ਦੇ ਅੰਗ ਰਖਿਅਕ ਵੀ ਸਾਧੂ ਬਣ ਗਏ । ਸਾਰੇ ਇਕਠੇ ਹੋ ਕੇ ਭਗਵਾਨ ਮਹਾਵੀਰ ਦੇ ਚਰਨਾ ਵਿਚ ਪੁਜੇ । ਉਨ੍ਹਾਂ ਦੇ ਸਮੋਸਰਨ ਵਿਚ ਰਹਿਕੇ ਇਨ੍ਹਾਂ ਖੁਦ ਦਾ ਕਲਿਆਨ ਕੀਤਾ । ਇਸ ਅਧਿਐਨ ਤੋਂ ਜਾਪਦਾ ਹੈ ਕਿ ਭਗਵਾਨ ਮਹਾਵੀਰ ਦੇ ਸਮੇਂ ਜੈਨ ਧਰਮ ਵਿਦੇਸ਼ਾ ਵਿਚ ਪਹੁੰਚ ਚੁੱਕਾ ਸੀ ।

ਇਹ ਅਧਿਐਨ ਇਤਿਹਾਸਕ ਤੇ ਦਾਰਸ਼ਨਿਕ ਪਖੋਂ ਕਾਫੀ ਮਹਤਵ ਪੂਰਨ ਹੈ । ਇਸ ਵਿਚ ਭਗਵਾਨ ਮਹਾਵੀਰ ਦੇ ਸਮੇਂ ਦੇ ਪ੍ਰਸਿਧ ਵਿਚਾਰਕਾਂ ਦੇ ਸਿਧਾਤਾਂ ਦੀ ਪ੍ਰਮੁਖ ਗੱਲਾ ਦਾ ਪਤਾ ਲਗਦਾ ਹੈ । ਪਰ ਨਾਲ ਨਾਲ ਇਹ ਵੀ ਪਤਾ ਲਗਦਾ ਹੈ ਕਿ ਆਦਰਕ ਮੁਨੀ ਜੈਨ ਧਰਮ ਪ੍ਰਤੀ ਕਿਨਾ ਸ਼ਰਧਾਲੂ ਸੀ । ਉਹ ਖਾਲੀ ਜੈਨ ਧਰਮ ਦਾ ਹੀ ਨਹੀਂ ਹੋਰ ਧਰਮਾ ਦਾ ਵੀ ਮਹਾਨ ਜਾਣਕਾਰ ਸੀ । ਕੋਈ ਚਰਚਾ ਉਸ ਦੀ ਸ਼ਰਧਾ ਭਗਵਾਨ ਮਹਾਵੀਰ ਤੇ ਜੈਨ ਧਰਮ ਪ੍ਰਤੀ ਘਟ ਨਾ ਕਰ ਸਕੀ । ਉਸਦਾ ਸਮਿਅੱਕਤਵ ਕਿਨਾ ਦ੍ਰਿੜ ਸੀ ਕਿ ਉਸ ਨੂੰ ਗੋਸ਼ਾਲਕ ਵਰਗਾ ਨਿਅੱਤੀਵਾਦੀ ਜੈਨ ਸਿਧਾਂਤ ਤੋਂ ਗਿਰਾ ਨਾ ਸਕਿਆ ।

# ਛੇਵਾ ਆਦਰੀਕ ਅਧਿਐਨ

ਨਿਅਤੀਵਾਦੀ ਸਿਧਾਂਤ ਦਾ ਅਚਾਰਿਆ ਮੰਖਲੀ ਪ੍ਰਤਰ ਗੋਸ਼ਾਲਕ, ਆਦਰਕ ਮੁਨੀ ਨੂੰ ਆਖਦਾ ਹੈ "ਹੇ ਆਦਰਕ ! ਮਹਾਵੀਰ ਸਵਾਮੀ ਨੇ ਜੋ ਪਹਿਲਾ ਆਚਰਨ ਕੀਤਾ ਸੀ ਉਸ ਨੂੰ ਮੇਰੇ ਕੋਲੋ ਸੁਣੋ । ਮਹਾਵੀਰ ਸਵਾਮੀ ਪਹਿਲਾ ਇਕੱਲੇ ਘੁੰਮਦੇ ਸਨ ਉਹ ਤਪਸਵੀ ਸਨ ਹੁਣ ਉਹ ਅਨੇਕਾਂ ਭਿਖਸ਼ੂਆਂ ਨੂੰ ਇਕਠਾ ਕਰਕੇ, ਨਾਲ ਰਖਕੇ, ਅੱਡ ਅੱਡ ਢੰਗ ਨਾਲ ਧਰਮ ਉਪਦੇਸ਼ ਦਿੰਦੇ ਹਨ । 1 ।

ਉਸ ਚੰਚਲ ਚਿਤ ਵਾਲੇ ਮਹਾਵੀਰ ਨੇ ਧੰਦਾ ਹੀ ਬਣਾ ਲਿਆ ਹੈ ਉਹ ਸਭਾ ਵਿਚ ਜਾ ਕੇ, ਅਨੇਕਾਂ ਭਿਖਸ਼ੂਆ ਦੇ ਵਿਚਕਾਰ ਬੈਠਕੇ, ਬਹੁਤ ਸਾਰੇ ਲੋਕਾਂ ਦੇ ਭਲੇ ਦਾ ਧਰਮ ਉਪਦੇਸ਼ ਕਰਦਾ ਹੈ । ਉਨ੍ਹਾਂ ਦਾ ਵਰਤਮਾਨ, ਉਨ੍ਹਾਂ ਦੇ ਪਹਿਲੇ ਵਿਚਾਰ ਨਾਲ ਮੇਲ ਨਹੀਂ ਖਾਂਦਾ । ਇਹ ਵਿਵਹਾਰ ਪਹਿਲੇ ਆਚਰਨ ਦੇ ਵਿਰੁਧ ਹੈ । 2

ਇਸ ਪ੍ਰਕਾਰ ਜਾਂ ਤਾਂ ਮਹਾਵੀਰ ਦਾ ਪਹਿਲਾ ਵਿਵਹਾਰ, ਇਕੱਲਾ ਘੁੰਮਣਾ ਏਕਾਂਤ ਵਾਸ ਹੀ ਚੰਗਾ ਹੋ ਸਕਦਾ ਹੈ ਜਾਂ ਇਸ ਸਮੇਂ ਅਨੇਕਾ ਲੋਕਾਂ ਵਿਚ ਬੈਠ ਕੇ ਧਰਮ ਉਪਦੇਸ਼ ਕਰਨ ਦਾ ਵਿਵਹਾਰ ਚੰਗਾ ਹੋ ਸਕਦਾ ਹੈ । ਪਰ ਆਪਸੀ ਦੋਹਾਂ ਗੱਲਾਂ ਇਕੋ ਸਮੇਂ ਮੇਲ ਨਹੀਂ ਰਖਦੀਆਂ । ਕਿਉਂਕਿ ਦੋਹਾਂ ਦਾ ਆਪਸ ਵਿਚ ਵਿਰੋਧ ਹੈ ।

**ਆਦਰਕ ਮੁਨੀ ਦਾ ਉੱਤਰ :**

ਭਗਵਾਨ ਮਹਾਵੀਰ ਪਹਿਲਾ, ਅੱਜ ਤੇ ਭਵਿੱਖ ਵਿਚ ਹਮੇਸ਼ਾ ਹੀ ਏਕਾਂਤ ਅਨੁਭਵ ਕਰਦੇ ਹਨ । ਉਨ੍ਹਾਂ ਦੇ ਭੂਤ, ਵਰਤਮਾਨ ਤੇ ਭਵਿੱਖ ਵਿਚ ਮੇਲ ਹੈ ਕੋਈ ਆਪਸੀ ਵਿਰੋਧ ਨਹੀਂ । 3

12 ਪ੍ਰਕਾਰ ਦੀ ਤੱਪਸਿਆ ਦਾ ਪਾਲਣ ਕਰਦੇ ਹੋਏ, ਅਹਿੰਸਾ ਦਾ ਉਪਦੇਸ਼ਦਿੰਦੇ ਹੋਏ, ਉਹ ਮਹਾਵੀਰ ਕੇਵਲ ਗਿਆਨ ਰਾਹੀਂ, ਸਾਰੇ ਅਚਰ, ਚਰ (ਸਥਿਰ ਤੇ ਚਲਣ ਵਾਲੇ) ਲੋਕਾਂ ਨੂੰ ਜਾਨ ਕੇ ਤਰਸ ਤੇ ਸਥਾਵਰ ਜੀਵਾ ਦੇ ਕਲਿਆਣ ਲਈ, ਹਜ਼ਾਰਾ ਲੋਕਾ ਵਿਚ ਧਰਮ ਉਪਦੇਸ਼ ਦਿੰਦੇ ਹੋਏ ਵੀ ਏਕਾਂਤ ਸਾਧਨਾ ਕਰਦੇ ਹਨ । ਏਕਾਂਤ ਵਾਸ ਦਾ ਅਨੁਭਵ ਲੈਂਦੇ ਹਨ ਉਨ੍ਹਾਂ ਦੀ ਚਿੱਤ ਵਿਰਤੀ ਉਸੇ ਪ੍ਰਕਾਰ ਦੀ ਹੈ ਜਾਂ ਚਿੱਤ ਵਰਤੀ ਇਕ ਤਰ੍ਹਾਂ ਦੀ ਰਹਿੰਦੀ ਹੈ । 4 ।

ਸ਼ਰੁਤ (ਚਰਿੱਤਰ ਰੂਪੀ) ਧਰਮ ਦਾ ਉਪਦੇਸ਼ ਕਰਨ ਵਾਲੇ, ਸ਼੍ਰਮਣ ਭਗਵਾਨ ਮਹਾਵੀਰ ਨੂੰ ਕੋਈ ਵੀ ਦੋਸ਼ ਨਹੀਂ ਲਗਦਾ । ਉਹ ਭਗਵਾਨ ਖਿਮਾਵਾਨ, ਪਰਿਸ਼ੇ ਨੂੰ ਜਿੱਤਣ ਵਾਲੇ ਮਨ ਨੂੰ ਕਾਬੂ ਰਖਣ ਵਾਲੇ, ਇੰਦਰੀਆਂ ਦੇ ਜੇਤੂ ਹਨ । ਭਾਸ਼ਾ ਦੇ ਦੋਸ਼ਾ ਨੂੰ ਜਾਣ ਕੇ ਭਗਵਾਨ ਰਾਹੀਂ ਭਾਸ਼ਾ ਦਾ ਪ੍ਰਯੋਗ (ਉਪਦੇਸ਼) ਫਾਇਦੇਮੰਦ ਹੈ ਨੁਕਸਾਨ ਦੇਹ ਨਹੀਂ । 5 ।